੩੦ ਸਤੰਬਰ ੨੦੧੨ ਨੂੰ ਸਟਾਕਟਨ ਗੁਰੂ-ਘਰ ਵਿਖੇ ਹੋਈ ਗ਼ਦਰ-ਕਾਨਫ੍ਰੰਸ ਵਿੱਚ ਪ੍ਰੋ.ਬਲਕਾਰ ਸਿੰਘ ਪਟਿਆਲਾ ਵਲੋਂ ਪੜ੍ਹਿਆ ਗਿਆ ਪਰਚਾ-"ਗ਼ਦਰ-ਲਹਿਰ ਦਾ ਸਿੱਖ-ਪ੍ਰਸੰਗ" (Sikh Perspective of Ghadar-Lehar).

੧.੧ ਗ਼ਦਰ-ਸਾਹਿਤ ਵਿੱਚ ਪ੍ਰਾਪਤ ਸੂਚਨਾ ਦੇ ਆਧਾਰ ਤੇ ਇਹ ਸਥਾਪਤ ਹੋ ਚੁੱਕਾ ਹੈ ਕਿ ਗ਼ਦਰ-ਲਹਿਰ ਅਤੇ ਗ਼ਦਰ-ਪਾਰਟੀ ਇੱਕ ਦੂਜੇ ਨਾਲ ਜੁੜੀਆਂ ਹੋਈਆਂ ਤਾਂ ਜ਼ਰੂਰ ਸਨ, ਪਰ ਦੋਵੇਂ ਆਪਣੇ ਸੁਭਾ ਅਤੇ ਪ੍ਰਗਟਾਵੇ ਵਿੱਚ ਵੱਖੋ ਵੱਖਰੀਆਂ ਸਨ।ਗ਼ਦਰ-ਪਾਰਟੀ ਨਿਰਸੰਦੇਹ ਗ਼ਦਰ-ਲਹਿਰ ਵਿੱਚੋਂ ਪੈਦਾ ਹੋਈ ਸੀ ਅਤੇ ***ਗ਼ਦਰ-ਲਹਿਰ ਦੇ ਲਗਭਗ ਸਾਰੇ ਹੀ ਯੋਧੇ, ਗ਼ਦਰ-ਪਾਰਟੀ ਵਿੱਚ ਚਲੇ ਵੀ ਗਏ ਸਨ। ਪਰ ਇਸ ਇਕ ਕਾਰਣ ਕਰਕੇ ਗ਼ਦਰ-ਪਾਰਟੀ ਨੂੰ ਗ਼ਦਰ-ਲਹਿਰ ਦੀ ਨਿਰੰਤਰਤਾ ਵਿੱਚ ਸਮਝਣ ਸਮਝਾਉਣ ਦੀ ਥਾਂ ਤੇ, ਇਹ ਪਰਵਾਨ ਕਰ ਲਿਆ ਗਿਆ ਸੀ ਕਿ ਗ਼ਦਰ-ਲਹਿਰ ਹੀ ਗ਼ਦਰ-ਪਾਰਟੀ ਹੋ ਗਈ ਸੀ***। ਅਜਿਹਾ ਗ਼ਦਰ-ਲਹਿਰ ਨੂੰ ਧਿਆਨ ਵਿੱਚ ਰੱਖਕੇ ਨਹੀਂ ਕੀਤਾ ਗਿਆ ਸੀ ਅਤੇ ਸੋਚੇ ਸਮਝੇ ਪੈਂਤੜੇ ਅਧੀਨ ਗ਼ਦਰ-ਪਾਰਟੀ ਨੂੰ ਧਿਆਨ ਵਿੱਚ ਰੱਖਕੇ ਕਰ ਲਿਆ ਗਿਆ ਸੀ।ਇਹ ਪੈਂਤੜਾ, ਜਿੰਨਾ ਨੰਗਾ ਚਿੱਟਾ ਇਸ ਵੇਲੇ ਲੱਗਦਾ ਹੈ, ਇਹ ਉਸ ਵੇਲੇ (ਜਦੋਂ ਇਹ ਕੀਤਾ ਗਿਆ ਸੀ) ਸ਼ਾਇਦ ਨ ਲੱਗਦਾ ਹੋਵੇ।ਇਸ ਦਾ ਇੱਕ ਕਾਰਣ ਇਹ ਹੋ ਸਕਦਾ ਹੈ ਕਿ ਗ਼ਦਰ-ਲਹਿਰ ਦੇ ਮੁਦਈਆਂ ਕੋਲ ਇਸ ਸਿਆਸੀ-ਅਪਹਰਣ ਦੀਆਂ ਬਰੀਕੀਆਂ ਨੂੰ ਸਮਝਣ ਅਤੇ ਰੋਕਣ ਵਾਸਤੇ ਨ ਹੀ ਸਮਾਂ ਸੀ ਅਤੇ ਨ ਹੀ ਸ਼ਾਇਦ ਚੇਤਨਾ ਸੀ।ਸੰਘਰਸ਼ ਵਿੱਚ ਅਜਿਹਾ ਵਾਪਰ ਜਾਂਦਾ ਹੈ।ਗ਼ਦਰ-ਲਹਿਰ ਦੇ ਸਾਹਮਣੇ ਤਾਂ ਲਹਿਰ ਦੇ ਸੁਭਾ ਅਤੇ ਦਿਸ਼ਾ ਨਾਲੋਂ ਵੱਧ ਮਹੱਤਵਪੂਰਨ, ਲਹਿਰ ਦਾ ਮੁੱਦਾ ਅਰਥਾਤ ਅੰਗ੍ਰੇਜ਼ਾਂ ਤੋਂ ਦੇਸ਼ ਨੂੰ ਆਜ਼ਾਦ ਕਰਵਾਉਣਾ ਹੋ ਗਿਆ ਸੀ।ਇਹ ਲਹਿਰ, ਗੁਰੂ ਦੇ ਓਟ ਆਸਰੇ ਨਾਲ ਪੈਦਾ ਹੋਈ ਸੀ ਅਤੇ ਕਿਸੇ ਕਿਸਮ ਦੀ ਸਿਆਸਤ ਤੋਂ ਨ ਹੀ ਪ੍ਰਭਾਵਿਤ ਸੀ ਅਤੇ ਨ ਹੀ ਕਿਸੇ ਕਿਸਮ ਦੀ ਨਿਰੰਤਰਤਾ ਵਿੱਚ ਸੀ।ਗ਼ਦਰ-ਸਾਹਿਤ ਵਿੱਚੋਂ ਜੋ ਕੁਝ ਗ਼ਦਰੀਆਂ ਨੇ ਲਿਖਿਆ, ਉਸ ਦੇ ਇੱਛਤ-ਪ੍ਰਸੰਗ ਹੀ ਮਿਲਦੇ ਹਨ।ਗ਼ਦਰ-ਸਾਹਿਤ ਦੀ ਰੌਸ਼ਨੀ ਵਿੱਚ ਵੇਖੀਏ ਤਾਂ ***ਗ਼ਦਰ-ਲਹਿਰ ਦਾ ਭਾਰਤ ਵਿੱਚ ਪੈਦਾ ਹੋਏ ੧੮੫੭ ਦੇ ਗ਼ਦਰ ਨਾਲ ਵੀ ਕੋਈ ਸਿੱਧਾ ਸਬੰਧ ਨਹੀਂ ਸੀ ਅਤੇ ਗ਼ਦਰ-ਲਹਿਰ ਨੂੰ ੧੮੫੭ ਦੇ ਗ਼ਦਰ ਦੀ ਨਿਰੰਤਰਤਾ ਵਿੱਚ ਰੱਖਕੇ ਨਹੀਂ ਵੇਖਿਆ ਜਾਣਾ ਚਾਹੀਦਾ, ਕਿਉਂਕਿ ਗ਼ਦਰ-ਲਹਿਰ ਆਪਣੇ ਸੁਭਾ ਅਤੇ ਪ੍ਰਗਟਾਵੇ ਵਿੱਚ ਸਿੱਖ-ਲਹਿਰ ਹੀ ਸੀ***। ਜਗਜੀਤ ਸਿੰਘ ਨੇ "ਲਹਿਰ" ਅਤੇ "ਪਾਰਟੀ" ਨੂੰ ਇਕ ਦੂਜੇ ਤੋਂ ਵੱਖਰੀਆਂ ਮੰਨਕੇ ਗ਼ਦਰ-ਲਹਿਰ ਨੂੰ ਗ਼ਦਰ-ਪਾਰਟੀ-ਲਹਿਰ ਕਹਿੰਦਿਆਂ, ਆਪਣੀ ਪੁਸਤਕ "ਗ਼ਦਰ ਪਾਰਟੀ ਲਹਿਰ" ਦਾ ਆਰੰਭ ਹੀ ਇਥੋਂ ਕੀਤਾ ਹੋਇਆ ਹੈ ਕਿ "ਇਹ (ਪੁਸਤਕ) 'ਗ਼ਦਰ ਪਾਰਟੀ ਲਹਿਰ' ਦਾ ਇਤਿਹਾਸ ਹੈ, ਗ਼ਦਰ-ਪਾਰਟੀ ਦਾ ਇਤਿਹਾਸ ਨਹੀਂ ਹੈ।ਗ਼ਦਰ-ਪਾਰਟੀ ਸੰਨ ੧੯੪੭ ਤੱਕ ਸਰਗਰਮ ਰਹੀ ਸੀ, ਪਰ 'ਗ਼ਦਰ ਪਾਰਟੀ ਲਹਿਰ' ਪਹਿਲੇ ਸੰਸਾਰ ਯੁਧ ਦੇ ਅੰਤ (੧੯੧੪) ਹੋਣ ਤੋਂ ਪਹਿਲੇ ਖਤਮ ਹੋ ਗਈ"੧।ਹੈਰਲਡ ਏ ਗੌਡ ਦੀ ਇੱਕ ਪੁਸਤਕ, ਅਮਰੀਕਾ ਵਿੱਚ ੧੯੦੦-੧੯੪੬ ਦੀ ਭਾਰਤੀ ਲਾਬੀ ਨੂੰ ਲੈਕੇ, ੨੦੦੬ ਵਿੱਚ, "ਸਿੱਖ, ਸਵਾਮੀ, ਵਿਦਿਆਰਥੀ ਅਤੇ ਜਾਸੂਸ" ਨਾਮ ਹੇਠ ਛਪੀ ਹੋਈ ਹੈ੨।ਇਸ ਪੁਸਤਕ ਵਿੱਚ ਗ਼ਦਰ, ਗ਼ਦਰ-ਲਹਿਰ, ਗ਼ਦਰ-ਪਾਰਟੀ ਅਤੇ ਗ਼ਦਰ-ਗੂੰਜ ਨੂੰ ਇੱਕ ਦੂਜੇ ਨਾਲੋਂ ਨਿਖੇੜਕੇ ਬੇਸ਼ੱਕ ਵੀਚਾਰਿਆ ਹੋਇਆ ਹੈ, ਪਰ ਗ਼ਦਰ-ਲਹਿਰ ਦਾ ਪ੍ਰਸੰਗ ਸਥਾਪਨ ਕਰਣ ਵਾਸਤੇ ਇਹ ਪੁਸਤਕ ਵੀ ਸਹਾਇਤਾ ਨਹੀਂ ਕਰਦੀ।ਕਾਰਣ ਇਹ ਹੈ ਕਿ ਇਸ ਪੁਸਤਕ ਦਾ ਇਹ ਮੁੱਦਾ ਹੀ ਨਹੀਂ ਹੈ।ਇਸ ਤੱਥ ਨੂੰ ਸਮਝਣ ਨਾਲ ਹੀ ਲਹਿਰ ਦਾ ਪ੍ਰਸੰਗ ਸਥਾਪਨ ਕਰਣ ਵਾਲੇ ਪਾਸੇ ਤੁਰਿਆ ਜਾ ਸਕਦਾ ਹੈ ਅਤੇ ਲਹਿਰ ਦੇ ਪ੍ਰਸੰਗ ਸਥਾਪਨ ਨਾਲ ਹੀ ਲਹਿਰ ਦਾ ਸਿੱਖ-ਪ੍ਰਸੰਗ ਸਥਾਪਨ ਹੋ ਸਕਦਾ ਹੈ। ਇਸ ਤੱਥ ਨੂੰ ਸਮਝਣ ਲਈ ਸੱਭ ਤੋਂ ਪਹਿਲਾਂ ਇਹ ਸਮਝੇ ਜਾਣ ਦੀ ਲੋੜ ਹੈ ਕਿ ਜਿਸ ਤਰ੍ਹਾਂ ਗ਼ਦਰ-ਲਹਿਰ ਦੀਆਂ ਜੜ੍ਹਾਂ ਸਿੱਖ-ਧਰਮ ਵਿੱਚ ਲੱਗੀਆਂ ਹੋਈਆਂ ਸਨ, ਉਸੇ ਤਰ੍ਹਾਂ ਗ਼ਦਰ-ਪਾਰਟੀ ਦੀਆਂ ਜੜ੍ਹਾਂ ਰੂਸੀ-ਇਨਕਲਾਬ (੧੯੧੭) ਅਰਥਾਤ ਮਾਰਕਸਵਾਦ ਵਿੱਚ ਲਗੀਆਂ ਹੋਈਆਂ ਸਨ।ਕਿਰਪਾਲ ਸਿੰਘ ਕਸੇਲ ਨੇ "ਗ਼ਦਰ ਲਹਿਰ ਦੀ ਵਾਰਤਕ" ਦੇ 'ਆਦਿ ਕਥਨ' ਵਿੱਚ ਲਿਖਿਆ ਹੋਇਆ ਹੈ ਕਿ "੧੯੧੪ ਅਰਥਾਤ ਗ਼ਦਰ ਪਾਰਟੀ ਦੇ ਬਣਨ ਤੋਂ ਲੈਕੇ ਇਸ ਦੇ ਮੈਂਬਰਾਂ ਦੇ ਭਾਰਤ ਵਿੱਚ ਹਥਿਆਰਬੰਦ ਇਨਕਲਾਬ ਲਈ ਅਮਰੀਕਾ ਤੋਂ ਰਵਾਨਾ ਹੋਣ ਤੱਕ ਕਿਸੇ ਨੂੰ ਵੀ ਮਾਰਕਸਵਾਦ, ਸਮਾਜਵਾਦ, ਕੌਮਨਿਸ਼ਟ ਇੰਟਰਨੈਸ਼ਨਲ ਅਤੇ ਬਾਲਸ਼ਵਿਕ ਪਾਰਟੀ ਦਾ ਗਿਆਨ ਨਹੀਂ ਸੀ।ਇਥੋਂ ਤੱਕ ਕਿ ਲਾਲਾ ਹਰਦਿਆਲ ਦੀਆਂ ਰਚਨਾਵਾਂ ਵਿੱਚ ਵੀ ਇਨ੍ਹਾਂ ਰਾਜਨੀਤਕ ਵੇਰਵਿਆਂ ਦੀ ਝਲਕ ਦਿਖਾਈ ਨਹੀਂ ਦੇਂਦੀ"੩।ਨਾਲ ਹੀ ਬਾਬਾ ਹਰਨਾਮ ਸਿੰਘ ਟੁੰਡੀਲਾਟ ਦੇ ਹਵਾਲੇ ਨਾਲ ਕਸੇਲ ਨੇ ਇਹ ਵੀ ਦੱਸਿਆ ਹੋਇਆ ਹੈ ਕਿ " ਇਸ ਸੋਚ (ਗ਼ਦਰ-ਲਹਿਰ) ਵਿੱਚ ਹਾਲੀ ਮਾਰਕਸੀ ਦਰਸ਼ਨ ਦਾ ਸਿੱਧਾ ਤੇ ਪ੍ਰਤੱਖ ਪ੍ਰਭਾਵ ਕੋਈ ਨਹੀਂ ਸੀ ਉੱਭਰਿਆ, ਪਰ ਰੂਸੀ, ਆਇਰਸ਼, ਮੈਕਸੀਕਨ ਅਤੇ ਹੋਰ ਦੇਸ਼ਾਂ ਦੇ ਇਨਕਲਾਬੀਆਂ ਦੇ ਕਾਰਨਾਮਿਆਂ ਤੋਂ ਇਹ ਲੇਖਕ ਬਹੁਤ ਹੱਦ ਤੱਕ ਪ੍ਰਭਾਵਿਤ ਸਨ"।"ਗ਼ਦਰ" ਅਖਬਾਰ ਦੇ ੧੯੧੭-੨੭ ਤੱਕ ਬੰਦ ਰਹਿਣ ਤੋਂ ਵੀ ਇਹੀ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਇਸ ਨੂੰ ਚਲਾਇਆ ਬੇਸ਼ੱਕ ਗ਼ਦਰ-ਲਹਿਰ ਨੇ ਸੀ, ਪਰ ਬੰਦ ਰਹਿਣ ਤੋਂ ਬਾਅਦ ਇਸ ਨੂੰ ੧੯੨੭ ਵਿੱਚ ਫਿਰ ਤੋਂ ਸ਼ੁਰੂ ਗ਼ਦਰ-ਪਾਰਟੀ ਨੇ ਹੀ ਕੀਤਾ ਸੀ।ਇਹ ਵੀ ਇਸ ਲਈ ਕੀਤਾ ਗਿਆ ਜਾਪਦਾ ਹੈ, ਤਾਂ ਕਿ ਭੋਲੇ ਭਾਲੇ ਮੁਦਈ ਇਸ ਬਹਾਨੇ ਨਾਲ ਗ਼ਦਰ-ਪਾਰਟੀ ਵਿੱਚ ਲਿਆਂਦੇ ਜਾ ਸਕਦੇ ਸਨ। "ਗ਼ਦਰ" ਅਖਬਾਰ ਦੀਆਂ ਬੰਦ ਹੋਣ ਤੱਕ ਦੀਆਂ ਜਿਲਦਾਂ ਵਿੱਚ ਗ਼ਦਰ-

ਮਚਾਉਣ ਦੀ ਭਾਵਨਾ ਪ੍ਰਬਲ ਸੀ ਅਤੇ ੧੯੨੭ ਤੋਂ ਪਿੱਛੋਂ ਨਿਕਲਣ ਵਾਲੀਆਂ "ਗ਼ਦਰ" ਅਖਬਾਰ ਦੀਆਂ ਜਿਲਦਾਂ ਵਿੱਚ ਇਨਕਲਾਬ-ਲਿਆਉਣ ਦੀ ਭਾਵਨਾ ਪ੍ਰਬਲ ਸੀ। ਇਸ ਫਰਕ ਨੂੰ ਧਿਆਨ ਵਿੱਚ ਰੱਖੇ ਬਿਨਾਂ ਗ਼ਦਰ-ਲਹਿਰ ਦਾ ਸਿੱਖ-ਪ੍ਰਸੰਗ ਸਥਾਪਨ ਨਹੀਂ ਹੋ ਸਕਦਾ।

੧.੨ ਪਹਿਲੇ ਸੰਸਾਰ-ਯੁੱਧ (੧੯੧੪) ਵਿੱਚ ਅੰਗ੍ਰੇਜ਼ਾਂ ਨੂੰ ਮਿਲੀ ਸਫਲਤਾ ਦਾ ਪਹਿਲਾ ਸ਼ਿਕਾਰ ਗ਼ਦਰ-ਲਹਿਰ ਹੀ ਹੋਈ ਸੀ।ਅੰਗ੍ਰੇਜ਼ਾਂ ਦੀ ਇਸ ਸਫਲਤਾ ਵਿੱਚ ਸਿੱਖ-ਫੌਜੀਆਂ ਦਾ ਅਹਿਮ ਹਿੱਸਾ ਰਿਹਾ ਸੀ ਅਤੇ ਇਹੀ ਸਿੱਖ-ਫੌਜੀ ਜਦੋਂ ਆਪਣੇ ਤਗ਼ਮਿਆਂ ਅਤੇ ਸਰਟੀਫੀਕੇਟਾਂ ਨੂੰ ਨਾਲ ਲੈਕੇ ਕਨੇਡਾ ਪਹੁੰਚੇ ਸਨ ਤਾਂ ਉਨ੍ਹਾਂ ਨੂੰ ਛੇਤੀ ਹੀ ਅਹਿਸਾਸ ਹੋਣ ਲਗ ਪਿਆ ਸੀ ਕਿ ਉਹ ਠੱਗੇ ਗਏ ਹਨ।ਪੰਜਾਬ ਵਿੱਚ ਆਰਥਿਕ-ਮੰਦੀ ਦੇ ਧੱਕੇ ਹੋਏ ਸਿੱਖ-ਜੱਟ ਵੀ ਇਨ੍ਹਾਂ ਵਿੱਚ ਸ਼ਾਮਲ ਹੋ ਗਏ ਸਨ। ***ਬਦੇਸ਼ ਵਿੱਚ ਜਾਣ ਨਾਲ,ਇਨ੍ਹਾਂ ਪੰਜਾਬੀ ਜੱਟਾਂ ਨੂੰ ਇਹ ਅਹਿਸਾਸ ਹੋ ਗਿਆ ਸੀ ਕਿ ਉਹਨਾਂ ਨੂੰ ਅੰਗ੍ਰੇਜ਼ਾਂ ਨੇ ਖੁਸ਼ਹਾਲੀ ਦੇ ਨਾਮ ਤੇ ਠੱਗਿਆ ਹੈ।ਜਿਹੋ ਜਿਹੇ ਹਾਲਾਤ ਵਿੱਚੋਂ ਇਨ੍ਹਾਂ ਸਭ ਨੂੰ ਲੰਘਣਾ ਪਿਆ ਸੀ, ਉਸ ਨਾਲ ਦਰ ਗੁਜ਼ਰ ਕਰਣ ਵਾਸਤੇ, ਉਨ੍ਹਾਂ ਦਾ ਸਿੱਖ-ਜਜ਼ਬਾ ਉਨ੍ਹਾਂ ਨੂੰ ਆਗਿਆ ਨਹੀਂ ਦੇਂਦਾ*** ਸੀ।ਉਨ੍ਹਾਂ ਨੇ ਬਦੇਸ਼ ਦੀਆਂ ਦੁਸ਼ਵਾਰੀਆਂ ਅਤੇ ਗੁਰੂ ਦੀ ਸਿੱਖਿਆ ਨਾਲ ਨਿਭਦਿਆਂ ਜੋ ਫੈਸਲਾ ਲਿਆ, ਉਸੇ ਦਾ ਸਿੱਟਾ ਗ਼ਦਰ-ਲਹਿਰ ਸੀ। ਅੰਗ੍ਰੇਜ਼ੀ-ਹਕੂਮਤ ਵਿਰੁੱਧ ਭਾਰਤ ਵਿੱਚ ਵੀ ਲੜਾਈ ਚੱਲ ਰਹੀ ਸੀ ਅਤੇ ਭਾਰਤ ਤੋਂ ਬਾਹਰ ਵੀ ਕਮਿਊਨਿਸਟ-ਇਬਕਲਾਬੀਆਂ ਦੀ ਅਗਵਾਈ ਵਿੱਚ ਬਰਤਾਨਵੀ-ਸਾਮਰਾਜ ਵਿਰੁਧ ਲੜਾਈ ਚੱਲ ਰਹੀ ਸੀ।ਗ਼ਦਰ-ਲਹਿਰ ਨਾਲ ਇਨ੍ਹਾਂ ਦੋਹਾਂ (ਅੰਗ੍ਰੇਜ਼ ਵਿਰੁਧ) ਲੜ ਰਹੀਆਂ ਧਿਰਾਂ ਦੀ ਹਮਦਰਦੀ ਸੀ ਅਤੇ ਗ਼ਦਰ-ਲਹਿਰ ਦੇ ਕਰਤਾ ਧਰਤਾ ਇਸ ਹਮਦਰਦੀ ਦਾ ਲਾਹਾ ਲੈ ਰਹੇ ਸਨ। ***ਸਪਸ਼ਟ ਹੈ ਕਿ ਇਨਕਲਾਬੀ-ਸਹਿਯੋਗ, ਉਸ ਸਮੇਂ ਦੇ ਪ੍ਰਸੰਗ ਵਿੱਚ ਸਿੱਖ-ਸੁਭਾ ਦੇ ਵਧ ਨੇੜੇ ਵੀ ਸੀ ਅਤੇ ਹਰ ਪੱਖੋਂ ਚਲ ਰਹੇ ਸੰਘਰਸ਼ ਵਾਸਤੇ ਠੀਕ ਵੀ ਬੈਠਦਾ ਸੀ***। ਇਸ ਵੇਲੇ ਤਾਂ ਇਹ ਤੱਥ ਵੀ ਸਾਹਮਣੇ ਆ ਚੁੱਕੇ ਹਨ ਕਿ ਗ਼ਦਰ-ਲਹਿਰ ਦੇ ਗ਼ਦਰੀਆਂ ਨਾਲ ਹੋ ਰਹੇ ਕਾਲੋਨੀਅਲ-ਤਸ਼ੱਦਦ ਤੋਂ ਪਾਸਾ ਵੱਟਣ ਦੀ ਹੱਦ ਤੱਕ ਬਚਕੇ ਚੱਲਣ ਦੀ ਰਣਨੀਤੀ ਅਧੀਨ ਅਤੇ ਦੇਸ਼ ਦੀ ਆਜ਼ਾਦੀ ਦਾ ਸੰਘਰਸ਼ ਜਾਰੀ ਰੱਖਣ ਲਈ, ਗ਼ਦਰ-ਲਹਿਰ ਦੀ ਥਾਂ ਤੇ ਗ਼ਦਰ-ਪਾਰਟੀ ਨਾਮ ਰੱਖਿਆ ਗਿਆ ਸੀ।ਇਹੋ ਜਿਹੇ ਪੈਂਤੜੇ, ਸੰਘਰਸ਼ ਵਿੱਚ ਜਦੋਂ ਜ਼ਰੂਰੀ ਹੋਣ, ਸਦਾ ਹੀ ਲਏ ਜਾਂਦੇ ਰਹੇ ਹਨ। ਫੈਸਲਾ ਲਏ ਜਾਣ ਵੇਲੇ ਇਹ ਸਪਸ਼ਟ ਨਹੀਂ ਸੀ ਕਿ ਗ਼ਦਰ-ਲਹਿਰ ਦੀ ਨਿਰੰਤਰਤਾ ਵਿੱਚ ਚਿਤਵੀ ਜਾ ਰਹੀ ਗ਼ਦਰ-ਪਾਰਟੀ, ਯੁੱਧ-ਨੀਤੀ ਅਧੀਨ ਜੋ ਫੈਸਲਾ ਲੈ ਰਹੀ ਹੈ, ਉਹ ਲਿਆ ਜਾ ਰਿਹਾ ਵਕਤੀ-ਪੈਂਤੜਾ ਹੈ ਕਿ ਸਿਧਾਂਤਕ-ਪੈਂਤੜੇਬਾਜੀ ਅਧੀਨ, ਨਵੀਂ ਪਾਰਟੀ ਬਨਾਈ ਜਾ ਰਹੀ ਹੈ? ਇਸ ਵਿੱਚ ਕੋਈ ਸ਼ੱਕ ਨਹੀਂ ਹੈ ਕਿ ਗ਼ਦਰ-ਲਹਿਰ ਅਤੇ ਗ਼ਦਰ-ਪਾਰਟੀ ਦੇ ਪ੍ਰਭਾਵ ਅਤੇ ਪ੍ਰਗਟਾਵੇ ਵਿੱਚ ਜ਼ਮੀਨ ਅਸਮਾਨ ਦਾ ਫਰਕ ਸਥਾਪਤ ਹੋ ਚੁੱਕਾ ਹੈ।ਇਹ ਫਰਕ, ਸਿੱਖ-ਪ੍ਰਭਾਵ ਦੀ ਥਾਂ ਤੇ ਰੂਸੀ-ਪ੍ਰਭਾਵ ਭਾਰੂ ਹੋ ਜਾਣ ਦਾ ਸੀ ਅਤੇ ਹੈ। ਗ਼ਦਰ-ਪਾਰਟੀ, ਜਨਮ ਤੋਂ ਹੀ ਰੂਸੀ ਪ੍ਰਭਾਵ ਅਧੀਨ ਚੱਲਣ ਕਰਕੇ, ਸਦਾ ਵਾਸਤੇ ਕਮਿਊਨਿਸਟ-ਲਹਿਰ ਦਾ ਹੀ ਹਿੱਸਾ ਹੋ ਗਈ ਸੀ।ਬੰਗਾਲੀ ਇਨਕਲਾਬੀਆਂ ਦੀ ਸ਼ਮੂਲੀਅਤ ਨਾਲ ਕਮਿਊਨਿਸਟ ਪ੍ਰਭਾਵ ਹੋਰ ਵੀ ਗਹਿਰਾ ਹੁੰਦਾ ਗਿਆ ਸੀ। ਗ਼ਦਰ-ਪਾਰਟੀ ਨੂੰ ਗ਼ਦਰ-ਲਹਿਰ ਨਾਲੋਂ ਹੋਰ ਵੀ ਸਪਸ਼ਟ ਰੂਪ ਵਿੱਚ ਨਿਖੇੜਣ ਵਾਸਤੇ, ਪੰਜਾਬ ਵਿੱਚ "ਕਿਰਤੀ ਪਾਰਟੀ" ਹੋਂਦ ਵਿੱਚ ਆ ਗਈ ਸੀ।ਕਮਿਊਨਿਸਟ ਪ੍ਰਭਾਵ ਇਥੋਂ ਤੱਕ ਵਧ ਗਿਆ ਸੀ ਕਿ "ਗ਼ਦਰ" ਅਖਬਾਰ ਦੀ ਥਾਂ "ਕਿਰਤੀ" ਅਖਬਾਰ ਨੇ ਲੈ ਲਈ ਸੀ। ***ਇਸ ਦੀ ਸ਼ੁਰੂਆਤ ਬੇਸ਼ੱਕ ਸੰਘਰਸ਼ ਦੇ ਪੈਂਤੜੇ ਵਜੋਂ ਹੀ ਕੀਤੀ ਗਈ ਹੋਵੇਗੀ, ਪਰ ਇਸ ਦੇ ਪ੍ਰਭਾਵ ਅਤੇ ਪ੍ਰਗਟਾਵੇ ਵਿੱਚੋਂ ਅਜਿਹਾ ਨਜ਼ਰ ਨਹੀਂ ਆਉਂਦਾ***।ਇਸ ਨੁਕਤੇ ਨੂੰ ਸਮਝਣ ਲਈ ਪ੍ਰਸਿਧ ਮਾਰਕਸਵਾਦੀ ਚਿੰਤਕ ਪ੍ਰੋ. ਰਣਧੀਰ ਸਿੰਘ ਦੀ ਇਹ ਟਿਪਣੀ ਧਿਆਨ ਵਿੱਚ ਰਖਣੀ ਪਵੇਗੀ ਕਿ ਗ਼ਦਰ-ਲਹਿਰ ਵਿੱਚ ਪਰਵੇਸ਼ ਕਰ ਰਹੀ ਜਾਗ੍ਰਿਤੀ ਦੀ ਲੋੜ ਨੂੰ ਲਹਿਰ ਵਿੱਚ ਢਾਲਣ ਦੀ ਭੂਮਿਕਾ ਮਾਰਕਸੀ ਪੈਂਤੜੇ ਨੇ ਹੀ ਨਿਭਾਈ ਸੀ।ਪ੍ਰੋ. ਸਾਹਿਬ ਨੇ ਲਿਖਿਆ ਹੋਇਆ ਹੈ -"ਇਨਕਲਾਬ-ਪਸੰਦ ਵਿਦਵਾਨਾਂ, ਲਾਲਾ ਹਰਦਿਆਲ, ਬਰਕਤ ਉਲਾਹ ਅਤੇ ਹੋਰਨਾਂ ਨੂੰ-ਜਿਹੜੇ ਉਦੋਂ ਤੱਕ ਆਪਣੇ ਧੜਿਆਂ ਦੀ ਤੰਗ ਦੁਨੀਆਂ ਵਿੱਚ ਬੰਦ ਸਨ, ਤੇ ਅੰਧਾਧੁੰਦ ਜੁਗ ਪਲਟਾਊ (ਅਨਾਰਕਿਸਟ) ਰੁਚੀਆਂ ਰੱਖਦੇ ਸਨ-ਹੁਣ ਪਹਿਲੀ ਵਾਰ ਪੰਜਾਬੀ ਮਜ਼ਦੂਰ ਜਨਤਾ ਦੀ ਨਰੋਈ ਛੁਹ ਲੱਗੀ। ਜਲਦੀ ਹੀ ਗੁਰਦੁਆਰੇ, ਸਟਾਕਟਨ (ਕੈਲੇਫੋਰਨੀਆਂ) ਤੇ ਵੈਨਕੂਵਰ (ਕੈਨੇਡਾ) ਵਿੱਚ, ਇਸ ਨਵੀਂ ਜਾਗ੍ਰਤੀ ਤੇ ਰਾਜਸੀ ਸਰਗਰਮੀ ਦੇ ਕੇਂਦਰ ਬਣ ਗਏ। ਕੈਲੇਫੋਰਨੀਆ ਦੇ ਖੇਤਾਂ ਵਿੱਚ, ਆਰੀਗਨ ਤੇ ਵਸ਼ਿੰਗਟਨ ਦੇ ਕਾਰਖਾਨਿਆਂ ਵਿੱਚ- ਕੇਂਦਰ, ਜਿਨ੍ਹਾਂ ਵਿੱਚ ਹਜ਼ਾਰਾਂ ਮੀਲਾਂ ਦੀ ਵਿੱਥ ਸੀ- ਇਕ ਨਵਾਂ ਖਿਆਲ ਪੁੰਗਰ ਰਿਹਾ ਸੀ, ਬਰਤਾਨਵੀ ਸਾਮਰਾਜ ਵਿਰੁਧ ਬਗ਼ਾਵਤ ਦਾ ਖਿਆਲ। ਥੋੜ੍ਹੇ ਚਿਰ ਵਿੱਚ ਇਸ ਕੌਮੀ ਜਾਗ੍ਰਤੀ ਨੂੰ ਇੱਕ ਜਥੇਬੰਦੀ ਤੇ ਇੱਕ ਲਹਿਰ ਵਿੱਚ ਇਕਮੁੱਠ ਕਰਨ ਦੀ ਲੋੜ ਭਾਸਣ ਲੱਗ ਪਈ"੪। ਪ੍ਰੋ. ਰਣਧੀਰ ਸਿੰਘ ਸਥਾਪਤ ਮਾਰਕਸਵਾਦੀ ਚਿੰਤਕ ਹਨ ਅਤੇ ਇਹੀ ਸਮਝਦੇ ਹਨ ਕਿ ਸਿੱਖ ਗ਼ਦਰੀਆਂ ਦਾ ਮਾਰਕਸਵਾਦ ਅਤੇ ਸਮਾਜਵਾਦੀ ਇਨਕਲਾਬ ਵੱਲ ਝੁਕਾ, ਕੁਦਰਤੀ ਵਹਿਣ ਵਾਂਗ ਸੀ।ਇਸ ਨੂੰ ਉਹ ਸੁਖਾਲਾਪਨ (soft options) ਅਤੇ ਸ਼੍ਰੇਣੀ-ਸੰਘਰਸ਼ (class war) ਨਾਲ ਜੋੜਕੇ ਵੇਖਦੇ ਹਨ। ਹਾਲਾਂਕਿ ਉਸ ਵੇਲੇ ਦਾ ਸੱਚ ਇਹੀ ਹੈ ਕਿ ਗ਼ਦਰ-ਲਹਿਰ, "ਇੱਕ ਜਥੇਬੰਦੀ ਤੇ ਇੱਕ ਲਹਿਰ" ਤਾਂ ਪਹਿਲਾਂ ਹੀ ਸੀ ਅਤੇ ਇਸ ਨੂੰ "ਧੜਿਆਂ ਦੀ ਤੰਗ ਦੁਨੀਆਂ" ਤੋਂ ਮੁਕਤ ਕਰਵਾਉਣ

ਲਈ ਕਮਿਊਨਿਸਟ-ਦਖਲ ਦੀ ਲੋੜ ਵੱਲ ਇਸ਼ਾਰਾ ਪ੍ਰੋ. ਸਾਹਿਬ ਕਿਉਂ ਕਰ ਰਹੇ ਹਨ? ਇਸ ਦੀ ਪੁਸ਼ਟੀ ਪ੍ਰੋ. ਕਿਰਪਾਲ ਸਿੰਘ ਕਸੇਲ ਦੇ ਇਨ੍ਹਾਂ ਸ਼ਬਦਾਂ ਤੋਂ ਵੀ ਹੋ ਜਾਂਦੀ ਹੈ, ਜਿਹੜੇ ਉਸ ਨੇ "ਹਿੰਦੁਸਤਾਨ ਦੀ ਆਜ਼ਾਦੀ ਦੀ ਲੜਾਈ ਵਿੱਚ ਪੰਜਾਬ, ਭਾਗ ਦੂਜਾ, ਪੰਨਾ ੧੯੫" ਦੇ ਹਵਾਲੇ ਨਾਲ ਇਸ ਤਰ੍ਹਾਂ ਰੀਕਾਰਡ ਕੀਤੇ ਹੋਏ ਹਨ- "ਕਿਰਤੀ ਪਾਰਟੀ ਨੂੰ ਜਾਣਨ ਲਈ ਹਿੰਦੁਸਤਾਨ ਗ਼ਦਰੀ ਪਾਰਟੀ ਤੇ ਰੂਸ ਦੇ ੧੯੧੭ ਦੇ ਅਕਤੂਬਰ ਇਨਕਲਾਬ ਨੂੰ ਸਮਝਣਾ ਅਤੀ ਜ਼ਰੂਰੀ ਹੈ। ਕਿਰਤੀ ਪਾਰਟੀ ਇਨ੍ਹਾਂ ਦੋਹਾਂ ਦੇ ਸੁਮੇਲ ਤੋਂ ਪੈਦਾ ਹੋਈ।ਇਸ ਤਰ੍ਹਾਂ ਗ਼ਦਰ ਪਾਰਟੀ, ਅਕਤੂਬਰ ਇਨਕਲਾਬ ਤੇ ਕਿਰਤੀ ਪਾਰਟੀ ਤਿੰਨੇ ਇਕ ਦੂਜੇ ਨਾਲ ਜੁੜੇ ਹੋਏ ਹਨ"੫। ***ਈਜਾਰੇਦਾਰੀ, ਭਾਵੇਂ ਸਿਧਾਂਤਕ ਹੋਵੇ, ਭਾਵੇਂ ਅਧਿਆਤਮਿਕ ਹੋਵੇ ਅਤੇ ਭਾਵੇਂ ਧਾਰਮਿਕ ਹੋਵੇ, ਇਸ ਨੂੰ ਸਿੱਖ ਧਰਮ ਵਿੱਚ ਕੋਈ ਮਾਨਤਾ ਨਹੀਂ ਹੈ।ਮਾਰਕਸੀਅਨ-ਈਜਾਰੇਦਾਰੀ ਨੇ ਕੀ ਨੁਕਸਾਨ ਕੀਤੇ, ਇਸ ਬਾਰੇ ਪ੍ਰੋ. ਕਿਸ਼ਨ ਸਿੰਘ ਨੂੰ ਕੋਈ ਭੁਲੇਖਾ ਨਹੀਂ ਹੈ।*** ਏਸੇ ਕਰਕੇ ਉਹ ਨਿਸ਼ੰਗ ਹੋਕੇ ਰੀਕਾਰਡ ਕਰਦੇ ਹਨ ਕਿ ਕਮਿਊਨਿਸਟ ਲਹਿਰ ਦੀ ਮੁੱਖਧਾਰਾ, ਜਿਸ ਵਿੱਚ ਗ਼ਦਰੀ ਸ਼ਾਮਲ ਸਨ, ਬਚਨਬੱਧਤਾ ਦੀ ਗਰੀਬੀ ਦਾ ਸ਼ਿਕਾਰ ਹੋ ਗਈ ਹੈ੬। ***ਇਸ ਵਿੱਚ ਕੋਈ ਸ਼ੱਕ ਨਹੀਂ ਹੈ ਕਿ ਆਪਾ-ਵਾਰੂ ਕੁਰਬਾਨੀ ਦੇ ਸਿੱਖ-ਜਜ਼ਬੇ ਨੂੰ ਨਾਲ ਲੈਕੇ ਤੁਰਨਾ ਜਿਥੇ ਕਮਿਊਨਿਸਟ ਇਨਕਲਾਬੀਆਂ ਲਈ ਸੌਖਾ ਸੀ, ਉਥੇ ਸਿੱਖ ਜੁਝਾਰੂਆਂ ਨੂੰ ਵੀ ਓਪਰਾ ਨਹੀਂ ਲਗਦਾ ਸੀ।*** ਇਸ ਨਾਲ ਇਹ ਤੱਥ ਸਾਹਮਣੇ ਆ ਜਾਂਦਾ ਹੈ ਕਿ ਗ਼ਦਰ-ਲਹਿਰ ਨੂੰ ਕੇਵਲ ਤੇ ਕੇਵਲ ਗ਼ਦਰ-ਪਾਰਟੀ ਨੇ ਆਪਣੇ ਵਿੱਚ ਜਜ਼ਬ ਕਰ ਲੈਣ ਵਿੱਚ ਉਹ ਸਫਲਤਾ ਹਾਸਲ ਕਰ ਲਈ ਸੀ, ਜਿਹੜੀ ਸਫਲਤਾ, ਗਾਂਧੀਵਾਦੀ ਲਾਜਪਤ ਰਾਏ, ਲਿਬਰਲ ਹਿੰਦੂ ਚਿੰਤਕ ਲਾਲਾ ਹਰਦਿਆਲ ਅਤੇ ਹਿੰਦੂਵਾਦੀ ਸਾਵਰਕਰ ਨੂੰ ਹਾਸਲ ਨਹੀਂ ਹੋ ਸਕੀ ਸੀ।ਇਨ੍ਹਾਂ ਤਿੰਨਾਂ ਨੇ ਆਪਣੇ ਆਪਣੇ ਢੰਗ ਨਾਲ ਗ਼ਦਰ-ਲਹਿਰ ਦਾ ਅਪਹਰਣ ਕਰਣ ਦੀਆਂ ਕੋਸ਼ਿਸ਼ਾਂ ਤਾਂ ਕੀਤੀਆਂ ਹੀ ਸਨ।

੨.੧ ***ਗ਼ਦਰ-ਲਹਿਰ ਦੇ ਯੋਧੇ ਜਿਨ੍ਹਾਂ ਵਿੱਚੋਂ ੯੮% ਸਿੱਖ ਸਨ, ਆਪਣੀਆਂ ਕੁਰਬਾਨੀਆਂ ਵਾਸਤੇ ਸਦਾ ਹੀ ਜਾਣੇ ਜਾਂਦੇ ਰਹੇ ਹਨ ਅਤੇ ਜਾਣੇ ਜਾਂਦੇ ਰਹਿਣਗੇ।ਕੁਰਬਾਨੀਆਂ, ਹਾਲਾਤ ਵੀ ਕਰਵਾ ਸਕਦੇ ਹਨ, ਲੀਡਰ ਵੀ ਕਰਵਾ ਸਕਦੇ ਹਨ ਅਤੇ ਵਿਰਾਸਤੀ-ਜਲੌਅ ਦੀ ਲਾਜ ਰੱਖਣ ਦਾ ਜਜ਼ਬਾ ਵੀ ਕਰਵਾ ਸਕਦਾ ਹੈ।ਇਹ ਤਿੰਨੇ ਗੱਲਾਂ, ਸਿੱਖ-ਗ਼ਦਰੀਆਂ ਦੀਆਂ ਕੁਰਬਾਨੀਆਂ ਦਾ ਪ੍ਰੇਰਨਾ-ਸ੍ਰੋਤ ਮੰਨੀਆਂ ਜਾ ਸਕਦੀਆਂ ਹਨ ਕਿਉਂਕਿ ਇਨ੍ਹਾਂ ਤਿੰਨਾਂ ਦੀਆਂ ਜੜ੍ਹਾਂ, ਸਿੱਖ ਧਰਮ-ਚਿੰਤਨ ਵਿੱਚ ਲੱਗੀਆਂ ਹੋਈਆਂ ਸਾਫ ਨਜ਼ਰ ਆ ਜਾਂਦੀਆਂ ਹਨ।*** ਇਸ ਰੰਗ ਦੀਆਂ ਕੁਰਬਾਨੀਆਂ ਦਾ ਪ੍ਰਗਟਾਵਾ ਸਿੱਖ ਇਤਿਹਾਸ ਵਿੱਚ ਆਮ ਹੁੰਦਾ ਰਿਹਾ ਹੈ। ਇਸ ਦ੍ਰਿਸ਼ਟੀ ਤੋਂ ਸਿੱਖ-ਗ਼ਦਰੀਆਂ ਦੀਆਂ ਕੁਰਬਾਨੀਆਂ ਦਾ ਪ੍ਰਸੰਗ-ਸਿਰਜਣ ਉਸ ਤਰ੍ਹਾਂ ਨਹੀਂ ਹੋ ਸਕਿਆ, ਜਿਸ ਤਰ੍ਹਾਂ ਹੋਣਾ ਚਾਹੀਦਾ ਸੀ।ਇਸ ਦੀ ਜ਼ੁੰਮੇਵਾਰੀ ਸਭ ਤੋਂ ਪਹਿਲਾਂ ਸਿੱਖ-ਵਾਰਸਾਂ ਦੇ ਸਿਰ ਆਵੇਗੀ।ਅਜੇ ਵੀ ਸਿੱਖ-ਵਾਰਸ ਗੁਰਮਤੇ ਦੀ ਵਿਧੀ ਵਿੱਚ ਸਾਂਝੀ-ਸਮਝ ਬਨਾਉਣ ਦੀ ਥਾਂ ਜਜ਼ਬਾਤੀ-ਸਿਆਸਤ ਵਾਲੇ ਰਾਹੇ ਪਏ ਹੋਏ ਨਜ਼ਰ ਆ ਜਾਂਦੇ ਹਨ।ਇਹ ਸਥਿਤੀ ਬਾਣੀ ਅਤੇ ਬਾਣੇ ਦੀ ਇਕਸੁਰਤਾ ਵਿੱਚੋਂ ਨਿਕਲਕੇ, ਬਾਣੀ ਅਤੇ ਬਾਣੇ ਦੇ ਤਨਾਉ ਵਲ ਤੁਰੀ ਜਾ ਰਹੀ ਜਾਪਦੀ ਹੈ।ਇਸ ਦੇ ਵਿਸਥਾਰ ਦੀ ਇਥੇ ਗੁੰਜਾਇਸ਼ ਨਹੀਂ ਹੈ, ਪਰ ਇਸ ਨਾਲ ਸਿੱਖ-ਭਾਈਚਾਰੇ ਨੂੰ ੨੧ਵੀਂ ਸਦੀ ਵਿੱਚ ਦਰਪੇਸ਼ ਚੁਣੌਤੀਆਂ ਵੱਲ ਇਸ਼ਾਰਾ ਤਾਂ ਹੋ ਹੀ ਜਾਂਦਾ ਹੈ।

੨.੨ ***ਗ਼ਦਰ-ਸਾਹਿਤ ਵਿੱਚ ਜੋ ਕੁਝ ਪ੍ਰਾਪਤ ਹੈ, ਉਸ ਤੋਂ ਇਹੀ ਲੱਗਦਾ ਹੈ ਕਿ ਸਿੱਖ-ਸੁਰ ਵਿੱਚ ਗ਼ਦਰ-ਲਹਿਰ ਦਾ ਪ੍ਰਸੰਗ ਸਥਾਪਨ ਹੋਣ ਦੀ ਥਾਂ ਤੇ ਗ਼ਦਰ-ਲਹਿਰ ਦੀਆਂ ਨਿਸ਼ਕਾਮ ਪ੍ਰਾਪਤੀਆਂ ਦਾ ਸਿਧਾਂਤਕ ਅਤੇ ਸਿਆਸੀ ਅਪਹਰਣ ਹੋ ਚੁੱਕਾ ਸੀ।*** ਸਤਯ ਐਮ ਰਾਏ ਨੇ ਠੀਕ ਹੀ ਰੀਕਾਰਡ ਕੀਤਾ ਹੋਇਆ ਹੈ ਕਿ ਗ਼ਦਰੀਆਂ ਦੇ ਪ੍ਰਸੰਗ-ਸਥਾਪਨ ਵੱਲ ਪਿੱਠ ਹੁੰਦੀ ਰਹੀ ਹੈ ਅਤੇ ਏਸੇ ਕਰਕੇ ਗ਼ਦਰ-ਲਹਿਰ ਦੀ ਲੋੜ ਮੁਤਾਬਿਕ ਵਰਤੋਂ ਵੀ ਹੁੰਦੀ ਰਹੀ ਹੈ।ਰਾਏ ਦਾ ਦਾਹਵਾ ਹੈ ਕਿ ਗ਼ਦਰ-ਲਹਿਰ ਜੇ ਇਨਕਲਾਬ ਵੀ ਹੈ ਤਾਂ ਵੀ ਇਸ ਦੇ ਅਰਥ ਮਾਰਕਸੀ ਰੰਗ ਵਿੱਚ ਨਹੀਂ ਸਨ੭।ਗ਼ਦਰੀਆਂ ਵੱਲ ਪਿੱਠ ਕਰਣ ਵਾਲਿਆਂ ਵਿੱਚ ਜੇ ਗਾਂਧੀਵਾਦੀ ਅਰਥਾਤ ਅਹਿੰਸਕ-ਸਿਆਸਤ ਵਾਲੇ ਸ਼ਾਮਲ ਸਨ/ਹਨ ਤਾਂ ਸਮਝ ਆਉਂਦੀ ਹੈ।ਪਰ ਇਹ ਸਮਝਣਾ ਸੌਖਾ ਨਹੀਂ ਹੈ ਕਿ ਅਗਾਂਹਵਧੂ ਚਿੰਤਕਾਂ ਅਤੇ ਕਮਿਊਨਿਸਟ ਇਨਕਲਾਬੀਆਂ ਨੇ ਗ਼ਦਰ-ਲਹਿਰ ਦੀ ਸਿੱਖ-ਰੰਗਤ ਦਾ ਅਪਹਰਣ ਕਿਉਂ ਕੀਤਾ? ਇਸ ਨੂੰ ਸਮਝੇ ਜਾਣ ਦੀ ਲੋੜ, ਇਸ ਪ੍ਰਸ਼ਨ ਦੇ ਹੱਲ ਨਾਲ ਹੀ ਪੂਰੀ ਹੋ ਸਕਦੀ ਹੈ।ਇਸੇ ਗੁੰਝਲ ਨੂੰ ਗ਼ਦਰ-ਲਹਿਰ ਦਾ ਅਪਹਰਣ ਕਿਹਾ ਜਾ ਰਿਹਾ ਹੈ। ***ਇਹ ਤਾਂ ਸਾਰੇ ਮੰਨਦੇ ਹਨ ਕਿ ਗੁਰੂ ਦੇ ਰੰਗ ਵਿੱਚ ਰੰਗੇ ਹੋਏ ਸਿੱਖ-ਗ਼ਦਰੀਆਂ ਨੇ ਦੇਸ਼ ਦੀ ਆਜ਼ਾਦੀ ਨੂੰ ਕੌਮੀ ਆਜ਼ਾਦੀ ਮੰਨ ਲਿਆ ਸੀ ਅਤੇ ਆਪਣੇ ਸੁਹਿਰਦ ਅਤੇ ਬਚਨਬੱਧ ਸੁਭਾ ਅਤੇ ਵਰਤਾਰੇ ਨਾਲ ਕਲੋਨੀਅਲ ਹਕੂਮਤ ਵਿਰੁਧ ਲੜ ਰਹੀਆਂ ਸਾਰੀਆਂ ਧਿਰਾਂ ਦਾ ਦਿਲ ਵੀ ਜਿੱਤ ਲਿਆ ਸੀ।*** ਇਹ ਵੀ ਸੱਚ ਹੈ ਕਿ ਸਿੱਖ-ਗ਼ਦਰੀਆਂ ਨੇ ਮਾਰਕਸੀ-ਰੰਗ ਵਾਲੇ ਇਨਕਲਾਬੀਆਂ ਤੇ ਸਭ ਨਾਲੋਂ ਵੱਧ ਭਰੋਸਾ ਕੀਤਾ ਸੀ।ਇਸ ਭਰੋਸੇ ਦਾ ਸਿੱਟਾ ਸੀ ਕਿ ਦੇਸ਼ ਦੀ ਆਜ਼ਾਦੀ ਦੀ ਜੰਗ ਲੜ ਰਹੇ ਸਾਰਿਆਂ ਇਨਕਲਾਬੀਆਂ ਦੀਆਂ ਨਿਗਾਹਾਂ ਪੰਜਾਬ ਵਲ ਲੱਗੀਆਂ ਰਹਿੰਦੀਆਂ ਸਨ।ਪ੍ਰੋ. ਰਣਧੀਰ ਸਿੰਘ ਠੀਕ ਕਹਿੰਦੇ ਹਨ ਕਿ "ਕੈਦੀਆਂ ਨੂੰ ਰਿਹਾ ਕਰਵਾਕੇ ਅਤੇ ਖਜ਼ਾਨੇ ਲੁੱਟਕੇ ਸਾਰੇ ਇਨਕਲਾਬੀ ਜਥਿਆਂ ਅਤੇ ਫੌਜੀਆਂ ਨੇ ਪੰਜਾਬ ਵਿੱਚ ਇਕੱਠੇ ਹੋਣਾ ਸੀ।....ਪਰ ਹੁਣ ਜਿਸ ਵੇਲੇ ਸਾਰੇ ਇਨਕਲਾਬੀ

ਹਿੰਦੁਸਤਾਨ ਦੀਆਂ ਤਾਂਘ ਰਹੀਆਂ ਅੱਖਾਂ ਪੰਜਾਬ ਉਤੇ ਲੱਗੀਆਂ ਹੋਈਆਂ ਸਨ-ਮਾਰੂ ਸੱਟ ਪੈ ਗਈ"੮। ਇਹ ਸੱਟ, ੨੧ ਫਰਵਰੀ ੧੯੧੫ ਨੂੰ ਮਿਥੀ ਹੋਈ ਬਗ਼ਾਵਤ ਦੀ ਯੋਜਨਾ ਦੇ ਅਸਫਲ ਹੋਣ ਦੀ ਸੀ। ਇੱਕ ਸਿੱਖ ਕਿਰਪਾਲ ਸਿੰਘ ਵਲੋਂ ਅੰਗ੍ਰੇਜ਼ ਸਰਕਾਰ ਦਾ ਮੁਖਬਰ ਬਣਕੇ ਬਗ਼ਾਵਤ ਦਾ ਭੇਦ ਖੋਲ੍ਹ ਦਿੱਤਾ ਗਿਆ ਸੀ।ਇਸ ਦੀ ਸਭ ਨਾਲੋਂ ਵੱਧ ਕੀਮਤ ਸਿੱਖਾਂ ਨੂੰ ਹੀ ਦੇਣੀ ਪਈ ਸੀ।ਇਸ ਸਿੱਖ-ਭੂਮਿਕਾ ਨੂੰ ਲੈਕੇ ਨਾਨਕ ਸਿੰਘ ਨਾਵਲਿਸਟ ਨੇ "ਇਕ ਮਿਆਨ ਦੋ ਤਲਵਾਰਾਂ" ਨਾਵਲ ਲਿਖਿਆ ਸੀ। ਪਰ ਇਸ ਨਾਵਲ ਦਾ ਸਿੱਖ-ਪ੍ਰਸੰਗ ਵਿੱਚ ਕੋਈ ਰੀਵੀਊ ਹੋਇਆ ਹੋਵੇ, ਮੇਰੀ ਨਜ਼ਰ ਵਿੱਚੋਂ ਨਹੀਂ ਗੁਜ਼ਰਿਆ? ਹਾਲਾਂਕਿ ਇਹ ਨਾਵਲ ਕੋਰਸ ਵਿੱਚ ਵੀ ਲੱਗਿਆ ਰਿਹਾ ਹੈ। ਇਸ ਪ੍ਰਸਤਾਵਿਤ ਬਗ਼ਾਵਤ ਦੇ ਫਿਹਲ ਹੋ ਜਾਣ ਦਾ ਵੇਰਵਾ ਪ੍ਰੋ.ਰਣਧੀਰ ਸਿੰਘ ਨੇ ਇਸ ਤਰ੍ਹਾਂ ਦਿੱਤਾ ਹੋਇਆ ਹੈ- "ਆਸਾਂ ਦਾ ਅੰਤ ਹੋ ਚੁੱਕਾ ਜਾਪਦਾ ਸੀ। ਸਾਲਾਂ ਬੱਧੀ ਸੀਨਿਆਂ ਵਿੱਚ ਪਾਲੇ ਸੁਪਨੇ ਤੇ ਮਹੀਨਿਆਂ ਦੀ ਹੱਡਤੋੜ ਮਿਹਨਤ ਮਿੱਟੀ ਵਿੱਚ ਰੁਲ ਗਈ ਸੀ।ਇੱਕ ਪਲ ਲਈ ਨਿੱਡਰ ਯੋਧੇ ਕਰਤਾਰ-ਜਿਹਨੇ ਕਦੇ ਵੀ ਹਾਰ ਤੇ ਨਿਰਾਸਤਾ ਕਬੂਲ ਨਹੀਂ ਕੀਤੀ, ਦੀਆਂ ਅੱਖਾਂ ਵਿੱਚ ਵੀ ਅੱਥਰੂ ਝਲਕ ਪਏ"੯। ਹਕੂਮਤ ਉਲਟਾਉਣ ਦੀ ਸਾਜ਼ਿਸ਼ ਦੇ ਮੁਕੱਦਮੇਂ ਨੂੰ ਖਿੜੇ ਮੱਥੇ ਲੈਂਦਿਆਂ ਕਰਤਾਰ ਸਿੰਘ ਸਰਾਭਾ ਨੇ ਹਿੱਕ ਠੋਕਕੇ ਕਚਹਿਰੀ ਵਿੱਚ ਕਿਹਾ ਸੀ ਕਿ "ਦੇਸ਼ ਦੀ ਆਜ਼ਾਦੀ ਲਈ ਜੂਝ ਰਹੇ ਇਨਕਲਾਬੀਆਂ ਤੇ 'ਸਾਜ਼ਿਸ਼' ਦਾ ਇਲਜ਼ਾਮ ਗ਼ਲਤ ਹੈ ਕਿਉਂਕਿ ਅਸੀਂ ਉਹੀ ਕੀਤਾ ਹੈ, ਜੋ ਇਕ ਗੁਲਾਮ ਨੂੰ ਆਪਣੀ ਆਜ਼ਾਦੀ ਵਾਸਤੇ ਕਰਨਾ ਚਾਹੀਦਾ ਹੈ।ਅਸੀਂ ਡੰਡੇ(ਡੰਕੇ) ਦੀ ਚੋਟ ਨਾਲ ਇਸ ਦੇਸ਼ ਦੇ ਸਾਮਰਾਜੀ ਹੁਕਮਰਾਨਾਂ ਦੀ ਤਾਕਤ ਨੂੰ ਬਗ਼ਾਵਤ ਦਾ ਚੈਲਿੰਜ ਦਿੱਤਾ ਸੀ।ਸਾਨੂੰ ਸਾਡੀ ਕੋਸ਼ਿਸ਼ ਉਤੇ ਮਾਨ ਹੈ"੧੦।ਇਹ ਸਪਿਰਟ "ਮੋਹਿ ਮਰਨੇ ਕਾ ਚਾਉ ਹੈ" ਨਾਲ ਜੁੜੀ ਹੋਈ ਸਿੱਖ-ਸਪਿਰਟ ਸੀ ਅਤੇ ਇਸੇ ਨੂੰ ਇਥੇ ਪ੍ਰਸੰਗ-ਸਥਾਪਨ ਵਾਸਤੇ ਵਰਤਿਆ ਜਾ ਰਿਹਾ ਹੈ।

੩.੧ ਇਸ ਸਚਾਈ ਤੋਂ ਸਭ ਵਾਕਫ ਹੋਣੇ ਚਾਹੀਦੇ ਹਨ ਕਿ ਪੰਜਾਬ ਉਤੇ ਅੰਗ੍ਰਜ਼ਾਂ ਦੇ ਕਬਜੇ (੧੮੪੯) ਤੋਂ ਪਹਿਲਾਂ ਸ਼ਾਹ ਮੁਹੰਮਦ ਦੇ ਸ਼ਬਦਾਂ ਵਿਚ "ਜੰਗ ਹਿੰਦ ਪੰਜਾਬ" ਦਾ ਹੋਇਆ ਸੀ।ਪੰਜਾਬ ਉਤੇ ਅੰਗ੍ਰੇਜ਼ਾਂ ਦਾ ਕਬਜਾ ਹੋ ਜਾਣ ਦੇ ਬਾਵਜੂਦ ਅੰਗ੍ਰੇਜ਼ਾਂ ਨੂੰ ਸਿੱਖਾਂ ਦੇ ਬਗ਼ਾਵਤੀ ਸੁਭਾ ਨਾਲ ਲਗਾਤਾਰ ਜੂਝਣਾ ਪੈਂਦਾ ਰਿਹਾ ਸੀ।ਸਿੱਖ-ਸਪਿਰਟ ਨੂੰ ਮਿੱਧਣ ਦੀਆਂ ਯੋਜਨਾਵਾਂ ਸਦਾ ਹਾਕਮਾਂ ਵਲੋਂ ਬਣਦੀਆਂ ਰਹੀਆਂ ਸਨ।ਇਹ ਸਚਾਈ ਸਾਹਿਤ ਵਿੱਚ ਉਤਰ ਚੁੱਕੀ ਹੈ ਅਤੇ ਇਸ ਨੂੰ ਸਮਝਣ ਵਾਸਤੇ ਢਾਡੀ ਸੋਹਣ ਸਿੰਘ ਸੀਤਲ ਦੀ ਪੁਸਤਕ "ਦੁਖੀਏ ਮਾਂ ਪੁੱਤ" ਅਤੇ ਨਵਤੇਜ ਸਿੰਘ ਸਰਨਾ ਦਾ ਨਾਵਲ "ਜਲਾਵਤਨੀ"(ਚੇਤਨਾ ਪ੍ਰਕਾਸ਼ਨ ਲੁਧਿਆਣਾ,੨੦੧੨) ਸਹਾਇਤਾ ਕਰ ਸਕਦਾ ਹੈ।ਹਰ ਕਿਸਮ ਦੀਆਂ ਸਰਕਾਰੀ ਵਧੀਕੀਆਂ ਦੇ ਬਾਵਜੂਦ ਅੰਗ੍ਰੇਜ਼ਾਂ ਵਿਰੁਧ ਬਗ਼ਾਵਤ ਦੀ ਸ਼ਮ੍ਹਾਂ, ਸਿੱਖਾਂ ਨੇ ਕਦੇ ਵੀ ਬੁਝਣ ਨਹੀਂ ਦਿੱਤੀ ਸੀ। ਬਗ਼ਾਵਤੀ ਕਾਰਵਾਈਆਂ, ਭਾਈ ਮਹਾਰਾਜ ਸਿੰਘ ੧੮੪੯ ਤੋਂ ਹੀ ਸਿੰਘਾਪੁਰ ਦੀ ਧਰਤੀ ਤੋਂ ਚਲਾ ਰਹੇ ਸਨ। ੧੮੫੭ ਦੇ ਗ਼ਦਰ ਮੌਕੇ ਭਾਈ ਰਾਮ ਸਿੰਘ ਦੀ ਅਗਵਾਈ ਵਿੱਚ ਕੂਕਾ-ਲਹਿਰ ਚੱਲ ਰਹੀ ਸੀ।੧੮੮੫ ਵਿੱਚ ਭਾਈ ਰਣਧੀਰ ਸਿੰਘ ਨੇ "ਭੁਜੰਗੀ ਦਲ" ਬਨਾਇਆ ਸੀ ਅਤੇ ਸਰਕਾਰੀ ਰੀਪੋਰਟਾਂ ਮੁਤਾਬਿਕ "ਭੁਜੰਗੀ ਦਲ" ਵਿੱਚੋਂ ਨੌਜਵਾਨ ਗ਼ਦਰ-ਲਹਿਰ ਵਿੱਚ ਜਾ ਰਹੇ ਸਨ।ਸਿੰਘ ਸਭਾ ਲਹਿਰ ਆਪਣੇ ਢੰਗ ਨਾਲ ਕਾਲੋਨੀਅਲ ਪ੍ਰਭਾਵ ਵਿਰੁਧ ਲੜ ਰਹੀ ਸੀ।ਗੁਰਦੁਆਰਾ ਸੁਧਾਰ ਲਹਿਰ ਅਧੀਨ 'ਨਨਕਾਣਾ ਸਾਹਿਬ ਦਾ ਸਾਕਾ' ਅਤੇ 'ਜੈਤੋ ਦਾ ਮੋਰਚਾ' ਵਰਗੀਆਂ ਕਾਰਵਾਈਆਂ ਹੋ ਰਹੀਆਂ ਸਨ।ਇਸ ਸ਼ਾਂਤਮਈ ਸਿੱਖ-ਅੰਦੋਲਨ ਨਾਲ "ਕੁੰਜੀਆਂ ਦਾ ਮੋਰਚਾ" ਵਰਗੀਆਂ ਪ੍ਰਾਪਤੀਆਂ ਨੂੰ ਮਹਾਤਮਾ ਗਾਂਧੀ ਨੇ "ਸਵਰਾਜ ਦੀ ਪਹਿਲੀ ਜਿੱਤ" ਕਹਿਕੇ,ਇਸ ਦੀ ਸਿਆਸੀ ਕੀਮਤ ਵਸੂਲਣ ਦੀ ਕੋਸ਼ਿਸ਼ ਕੀਤੀ ਸੀ।ਇਸ ਦੇ ਬਾਵਜੂਦ ਇਸ ਅੰਦੋਲਨ ਵਿੱਚੋਂ "ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ" ਅਤੇ "ਸ਼੍ਰੋਮਣੀ ਅਕਾਲੀ ਦਲ" ਦੇ ਪੈਦਾ ਹੋਣ ਦੀਆਂ ਸੰਭਾਵਨਾਵਾਂ ਅੰਗੜਾਈ ਲੈ ਰਹੀਆਂ ਸਨ ਅਤੇ ੧੯੨੫ ਤੱਕ ਇਹ ਹੋਂਦ ਵਿੱਚ ਵੀ ਆ ਗਈਆਂ ਸਨ। ***ਇਹੋ ਸਮਾਂ ਸੀ ਜਦੋਂ ਸਿੱਖ ਭਾਈਚਾਰੇ ਨੂੰ ਸ਼ਾਂਤਮਈ ਅੰਦੋਲਨਾਂ ਦੇ ਹਸ਼ਰ ਨਾਲ ਤਸੱਲੀ ਨਹੀਂ ਹੋ ਰਹੀ ਸੀ ਕਿਉਂਕਿ ਜੁਝਾਰੂ-ਬਿਰਤੀ ਵਾਲਿਆਂ ਨੂੰ ਇਹ ਸਾਰਾ ਕੁਝ ਸਿੱਖ-ਸੁਭਾ ਅਤੇ ਸਮੇਂ ਦੀ ਲੋੜ ਦੇ ਮੁਤਾਬਿਕ ਨਹੀਂ ਲੱਗਦਾ ਸੀ।ਇਹ ਸੁਭਾ, ਰੋਜ਼ੀ-ਰੋਟੀ ਲਈ ਬਦੇਸ਼ਾਂ ਵਿੱਚ ਪਹੁੰਚਣ ਵਾਲੇ ਸਿੱਖਾਂ ਵਿੱਚ ਮੌਕਾ ਮਿਲਣ ਤੇ ਪ੍ਰਬਲ ਹੋ ਗਿਆ ਸੀ***।ਇਸ ਦੇ ਕਾਰਣਾਂ ਵਿੱਚ ਜਾਣ ਦੀ ਇੱਥੇ ਗੁੰਜਾਇਸ਼ ਨਹੀਂ ਹੈ।ਇਸ ਜੁਝਾਰੂ ਸਿੱਖ-ਸੁਭਾ ਨੇ ਮਾਰਕਸੀ-ਜੁਝਾਰੂਆਂ ਤੇ ਬਹੁਤ ਛੇਤੀ ਅਤੇ ਹੁੱਬਕੇ ਭਰੋਸਾ ਕਰ ਲਿਆ ਸੀ।"ਬਾਹਿੰ ਜਿਨ੍ਹਾਂ ਦੀ ਪਕੜੀਐ ਸਿਰ ਦੀਜੈ ਬਾਹਿੰ ਨ ਛੋੜੀਐ" ਦੀ ਸਿੱਖਿਆ ਨੂੰ ਪਰਨਾਏ ਗ਼ਦਰੀਆਂ ਵਿਚੋਂ ਬਾਬਾ ਸੋਹਨ ਸਿੰਘ ਭਕਨਾ ਵਰਗੀਆਂ ਸ਼ਖਸ਼ੀਅਤਾਂ ਇਕ ਪਾਸੇ ਮਾਰਕਸੀ-ਸੋਚ ਵਾਲਿਆਂ ਨਾਲ ਨਿਭਦੀਆਂ ਰਹੀਆਂ ਸਨ ਅਤੇ ਦੂਜੇ ਪਾਸੇ ਸਿੱਖੀ ਨੂੰ "ਕੇਸਾਂ ਸੁਆਸਾਂ" ਨਾਲ ਨਿਭਾਉਂਦੀਆਂ ਰਹੀਆਂ ਸਨ।ਅਜਿਹਾ ਉਨ੍ਹਾਂ ਨੇ ਕਿਸੇ ਕਿਸਮ ਦੀ ਸਿਆਸੀ-ਪੈਂਤੜੇਬਾਜੀ ਅਧੀਨ ਨਹੀਂ ਕੀਤਾ ਸੀ ਸਗੋਂ ਬੰਦੇ ਨੂੰ ਬੰਦੇ ਦੀ ਗੁਲਾਮੀ ਤੋਂ ਮੁਕਤ ਕਰਵਾਉਣ ਲਈ ਜੂਝਣ ਵਾਲਿਆਂ ਨਾਲ ਸੁਹਿਰਦ-ਸੁਭਾ ਅਤੇ ਬਚਨਬੱਧ-ਸਿੱਖ ਵਜੋਂ ਕੀਤਾ ਸੀ। ***ਇਹ ਵੀ ਸੱਚ ਹੈ ਕਿ ਗ਼ਦਰੀ-ਯਾਦ ਨੂੰ ਜਿਵੇਂ ਪੰਜਾਬ ਦੇ ਅਗਾਂਹਵਧੂਆਂ ਅਤੇ ਕਾਮਰੇਡਾਂ ਨੇ ਸੰਭਾਲਿਆ, ਉਵੇਂ ਸਿੱਖ-ਸਿਆਸਤਦਾਨਾਂ ਨੇ ਨਹੀਂ ਸੰਭਾਲਿਆ। ਹੁਣ ਵੀ ਸੰਭਾਲ ਦੇ ਯਤਨ ਬੇਸ਼ੱਕ ਸਿੱਖ-ਵਾਰਸਾਂ ਵਲੋਂ ਹੋ ਰਹੇ ਨਜ਼ਰ ਆ ਰਹੇ ਹਨ, ਪਰ ਇਨ੍ਹਾਂ ਯਤਨਾਂ ਦੀ ਨ ਹੀ ਕੋਈ ਸਾਂਝੀ ਨੋਡਲ-ਸੰਸਥਾ ਸਾਹਮਣੇ ਆ ਰਹੀ ਹੈ ਅਤੇ ਨ ਹੀ "ਗੁਰਮਤੇ" ਦੀ ਵਿਧੀ ਵਿੱਚ***

*ਸਿਧਾਂਤਕ-ਵਿਉਂਤਬੰਦੀ ਕੀਤੀ ਗਈ ਨਜ਼ਰ ਆਉਂਦੀ ਹੈ।* ਸੰਸਥਾ ਵਜੋਂ ਪੰਜਾਬ ਵਿੱਚ ਪਹਿਲੇ ਯਤਨ "ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ" ਨੇ ਹੀ ਕੀਤੇ ਸਨ ਅਤੇ ਗ਼ਦਰ-ਸਾਹਿਤ ਨੂੰ ਸੰਭਾਲਣ ਦੀ ਕੋਸ਼ਿਸ਼ ਵੀ ਕੀਤੀ ਸੀ। ਯੂਨੀਵਰਸਿਟੀਆਂ ਵਿੱਚੋਂ ਪੰਜਾਬੀ ਯੂਨੀਵਰਸਿਟੀ ਪਟਿਆਲਾ ਨੇ "ਗ਼ਦਰ ਲਹਿਰ ਦੀ ਵਾਰਤਕ" ਅਤੇ "ਗ਼ਦਰ ਲਹਿਰ ਦੀ ਕਵਿਤਾ" ਨੂੰ ਛਾਪਕੇ ਸੰਭਾਲਿਆ ਹੋਇਆ ਹੈ।ਹੁਣ ਵੀ ਪੰਜਾਬੀ ਯੂਨੀਵਰਸਿਟੀ ਪਟਿਆਲਾ ਗ਼ਦਰ-ਸ਼ਤਾਬਦੀ ਨੂੰ ਧਿਆਨ ਵਿੱਚ ਰੱਖਕੇ, ਪੰਜਾਬੀ ਅਤੇ ਅੰਗ੍ਰੇਜ਼ੀ ਵਿੱਚ ਯਾਦਗਾਰੀ ਗ੍ਰੰਥ ਛਾਪਣ ਦਾ ਫੈਸਲਾ ਕਰ ਚੁੱਕੀ ਹੈ। ਵਰਤਮਾਨ ਵਾਈਸਚਾਂਸਲਰ ਡਾ. ਜਸਪਾਲ ਸਿੰਘ ਦੀ ਅਗਵਾਈ ਵਿੱਚ ਇਨ੍ਹਾਂ ਜਿਲਦਾਂ ਦੇ ਕ੍ਰਮਵਾਰ ਸੰਪਾਦਕ ਪ੍ਰੋ. ਪ੍ਰਿਥੀਪਾਲ ਸਿੰਘ ਕਪੂਰ ਅਤੇ ਡਾ. ਜਗਤਾਰ ਸਿੰਘ ਗ੍ਰੇਵਾਲ ਨਿਯੁਕਤ ਹੋ ਚੁੱਕੇ ਹਨ। ਹੁਣ ਤੱਕ ਹੋਏ ਸਾਰੇ ਯਤਨਾਂ ਵਿੱਚ ਗ਼ਦਰ-ਪਾਰਟੀ ਨੂੰ ਹੀ ਕੇਂਦਰੀਅਤਾ ਪ੍ਰਾਪਤ ਰਹੀ ਹੈ ਅਤੇ ਗ਼ਦਰ-ਲਹਿਰ ਨੂੰ ਹਾਸ਼ੀਏ ਤੇ ਰੱਖਕੇ ਵੀਚਾਰਿਆ ਜਾਂਦਾ ਰਿਹਾ ਹੈ। ਇਸ ਨਾਲ ਗ਼ਦਰ-ਲਹਿਰ ਦਾ ਸਿੱਖ-ਪ੍ਰਸੰਗ ਗੁਆਚਿਆ ਹੈ ਅਤੇ ਇਸ ਗੁਆਚੇ ਹੋਏ ਦੀ ਭਾਲ ਅਤੇ ਨਿਸਾਨਦੇਹੀ ਨੂੰ ਲੈਕੇ ਹੀ ਇਹ ਪਰਚਾ ਲਿਖਿਆ ਜਾ ਰਿਹਾ ਹੈ।"ਪੈਸੇਫਿਕ ਕੋਸਟ ਖਾਲਸਾ ਦੀਵਾਨ ਸੁਸਾਇਟੀ, ਸਟਾਕਟਨ" ਵੱਲੋਂ ਕੀਤੇ ਗਏ ਸੈਮੀਨਾਰ ਰਾਹੀਂ ਕੀਤੇ ਜਾ ਰਹੇ ਯਤਨਾਂ ਨੂੰ ਲੋੜੀਂਦੀ ਸੇਧ ਵਿੱਚ ਵਰਤਕੇ, ਪੰਥਕ-ਨੋਡਲ-ਏਜੈਂਸੀ ਦੀਆਂ ਸੰਭਾਵਨਾਵਾਂ ਸਾਹਮਣੇ ਲਿਆਂਦੀਆਂ ਜਾ ਸਕਦੀਆਂ ਹਨ।ਇਹ ਅਵਸਰ ਪੈਦਾ ਕਰਣ ਵਾਸਤੇ ਸਸਿਾਇਟੀ ਦੇ ਮੈਂਬਰ ਅਥੇ ਪ੍ਰਬੰਧਕ ਵਧਾਈ ਦੇ ਪਾਤਰ ਹਨ।

੩.੨ *ਗ਼ਦਰ-ਸਾਹਿਤ ਦੀ ਪੜ੍ਹਤ ਨਾਲ ਇਸ ਨਤੀਜੇ ਤੇ ਪਹੁੰਚਿਆ ਜਾ ਸਕਦਾ ਹੈ ਕਿ ਗ਼ਦਰ-ਲਹਿਰ ਦੇ ਮੋਢੀਆਂ ਵਿੱਚ ਮੁੱਖ ਭੂਮਿਕਾ ਸਿੱਖ ਹੀ ਨਿਭਾ ਰਹੇ ਸਨ ਅਤੇ ਸਿੱਖ ਲੀਡਰਾਂ ਵਿਚੋਂ ਬਹੁਤੇ ਕਕਾਰਧਾਰੀ-ਖਾਲਸੇ ਸਨ।ਇਨ੍ਹਾਂ ਨੂੰ ਹਾਸ਼ੀਏ ਤੇ ਧੱਕਕੇ ਜਿਹੜੀ ਲੀਡਰਸ਼ਿੱਪ ਨੂੰ ਕੇਂਦਰ ਵਿੱਚ ਸਥਾਪਤ ਕਰਣ ਦੀ ਕੋਸ਼ਿਸ਼ ਕੀਤੀ ਗਈ ਹੈ, ਉਹ ਤਾਂ ਆਉਂਦੇ ਵੀ ਰਹੇ ਸਨ ਅਤੇ ਜਾਂਦੇ ਵੀ ਰਹੇ ਸਨ*। ਲਾਲਾ ਹਰਦਿਆਲ, ਲਾਲਾ ਲਾਜਪਤ ਰਾਏ ਅਤੇ ਵੀਰ ਸਾਵਰਕਰ ਨੂੰ ਇਸ ਕੋਟੀ ਦੇ ਪ੍ਰਤੀਨਿਧਾਂ ਵਿੱਚ ਗਿਣਿਆ ਜਾ ਸਕਦਾ ਹੈ।*ਮੈਂ ਇਹ ਮੰਨਕੇ ਤੁਰ ਰਿਹਾ ਹਾਂ ਕਿ ਗ਼ਦਰ-ਲਹਿਰ ਦਾ ਪ੍ਰਸੰਗ-ਵਿਗਾੜ ਹੋ ਚੁੱਕਾ ਹੈ ਅਤੇ ਇਸ ਦੇ ਬਾਵਜੂਦ ਗ਼ਦਰ-ਲਹਿਰ ਦਾ ਪ੍ਰਸੰਗ-ਸਥਾਪਨ ਹੋ ਸਕਦਾ ਹੈ।ਸਵਾਲ ਇਹ ਨਹੀਂ ਹੈ ਕਿ ਕਿਸ ਨੇ ਕੀ ਕੀਤਾ? ਸਵਾਲ ਇਹ ਹੈ ਕਿ ਜੋ ਕੁਝ ਹੋਇਆ ਉਸ ਨੂੰ ਸਮਕਾਲੀ ਸਿੱਖਾਂ ਨੇ ਕਿਵੇਂ ਲਿਆ ਸੀ ਅਤੇ ਉਸ ਤੋਂ ਪਿੱਛੋਂ ਉਨ੍ਹਾਂ ਦੇ ਵਾਰਸ ਕਿਵੇਂ ਲੈ ਰਹੇ ਹਨ?* ਇਸ ਦਾ ਵਿਚਾਰ ਇਸ ਨੁਕਤੇ ਤੋਂ ਸ਼ੁਰੂ ਕਰ ਰਿਹਾ ਹਾਂ ਕਿ ਸਿੱਖ-ਭਾਈਚਾਰਾ ਆਲਮੀ-ਭਾਈਚਾਰਾ ਹੋ ਜਾਣ ਦੇ ਬਾਵਜੂਦ ਪੰਜਾਬੀ ਸੂਬੇ (ਭਾਰਤੀ ਪੰਜਾਬ) ਤੋਂ ਬਿਨਾਂ ਸਾਰੇ ਥਾਂਈਂ ਘੱਟਗਿਣਤੀ ਭਾਈਚਾਰਾ ਹੀ ਹੈ।ਇਸ ਤੱਥ ਨੂੰ ਧਿਆਨ ਵਿੱਚ ਰਖਦਿਆਂ *ਸਿੱਖ-ਭਾਈਚਾਰੇ ਨੂੰ ਗ਼ਾਲਿਬ-ਸਿਆਸਤ* **(hegemonic politics)** *ਨਾਲ ਨਜਿੱਠਨ ਵਾਸਤੇ ਸਾਂਝੀ-ਸਮਝ ਬਨਾਉਣ ਵਾਲੇ ਪਾਸੇ ਤੁਰਨਾ ਚਾਹੀਦਾ ਹੈ।ਪਰ ਹੋ ਇਸ ਤੋਂ ਉਲਟ ਰਿਹਾ ਹੈ ਅਤੇ ਸਿੱਖ-ਭਾਈਚਾਰਾ, ਸਿਆਸਤ ਕਰਣ ਦੀ ਥਾਂ, ਹੋ ਰਹੀ ਸਿਆਸਤ ਦੀ ਕੁਹਾੜੀ ਦਾ ਦਸਤਾ ਹੋ ਜਾਣ ਨੂੰ ਹੀ ਸਿਆਸਤ ਕਹੀ ਜਾ ਰਿਹਾ ਹੈ।ਇਹੀ ਗ਼ਦਰੀ-ਬਾਬਿਆਂ ਨਾਲ ਵਾਪਰਿਆ ਸੀ।ਸਿਆਸਤ ਦੇ ਪ੍ਰਸੰਗ ਵਿੱਚ ਇਹੀ ਇਤਿਹਾਸ ਦੁਹਰਾਇਆ ਜਾਂਦਾ ਰਿਹਾ ਹੈ।ਇਸ ਵਿੱਚੋਂ ਨਿਕਲਣ ਵਾਲੇ ਪਾਸੇ ਗੁਰਬਾਣੀ ਦੀ ਰੌਸ਼ਨੀ ਵਿੱਚ ਪ੍ਰਾਪਤ ਕੀਤੀ ਸੋਝੀ ਦਾ ਪੱਲਾ ਫੜਕੇ ਹੀ ਤੁਰਿਆ ਜਾ ਸਕਦਾ ਹੈ।ਇਹ ਤਾਂ ਧਿਆਨ ਵਿੱਚ ਰੱਖਣਾ ਹੀ ਚਾਹੀਦਾ ਹੈ ਕਿ ਵਿਰਾਸਤੀ-ਪ੍ਰਾਪਤੀਆਂ ਨੂੰ ਜੇ ਭਾਈਚਾਰਕ-ਭਾਵੁਕਤਾ ਵਾਸਤੇ ਵਰਤਾਂਗੇ ਤਾਂ ਜਾਤੀ-ਮੂਲਕ ਸਰੋਕਾਰਾਂ ਨਾਲ ਸੰਤੁਸ਼ਟ ਹੋ ਜਾਣ ਦੀ ਸਿਆਸਤ ਤੋਂ ਅੱਗੇ ਨਹੀਂ ਤੁਰ ਸਕਾਂਗੇ? ਇਸ ਤਰ੍ਹਾਂ ਦੀ ਭਾਵੁਕਤਾ ਦੀ ਕੀਮਤ, ਸਮਕਾਲੀਨ ਆਲਮੀ ਭਾਈਚਾਰਿਆਂ ਦੀ ਸਿਆਸਤ ਦੇ ਮੁਥਾਜ ਹੋ ਜਾਣ ਵਜੋਂ ਦੇਣੀ ਪਵੇਗੀ*।ਸਿੱਖ ਧਰਮ ਵਿੱਚ ਕਿਸੇ ਵੀ ਕਿਸਮ ਦੀ ਮੁਥਾਜੀ ਨੂੰ ਨਕਾਰਿਆ ਗਿਆ ਹੈ ਅਤੇ ਹਰ ਤਰ੍ਹਾਂ ਦੇ ਉਸਾਰੂ-ਸਹਿਯੋਗ ਨੂੰ ਸਵੀਕਾਰਿਆ ਗਿਆ ਹੈ।

ਗ਼ਦਰ-ਸਾਹਿਤ ਵਿੱਚ ਸਿੱਖ-ਪ੍ਰਸੰਗ ਨੂੰ ਸਥਾਪਨ ਕਰਣ ਵਾਸਤੇ ਲੋੜੀਂਦਾ ਮਸੌਦਾ ਪ੍ਰਾਪਤ ਹੈ। ਲੋੜ ਹੈ ਕਿ ਇਸ ਨੂੰ ਸਿੱਖ-ਪ੍ਰਸੰਗ ਵਿੱਚ ਉਜਾਗਰ ਕੀਤਾ ਜਾਵੇ।*ਗ਼ਦਰ-ਲਹਿਰ ਨਾਲ ਜੁੜੀ ਹੋਈ ਕੋਮਲ ਸਿੱਖ-ਮਾਨਸਿਕਤਾ ਨੂੰ ਆਲਮੀ ਪ੍ਰਸੰਗ ਵਿੱਚ ਰੋਲ-ਮਾਡਲ ਸਿੱਖ ਮਾਨਸਿਕਤਾ ਵਜੋਂ ਉਸਾਰੇ ਅਤੇ ਉਭਾਰੇ ਜਾਣ ਦੀ ਲੋੜ ਹੈ।ਸਿੱਖ-ਗਦਰੀਆਂ ਨੇ ਕਿਸੇ ਵੀ ਹਾਲਾਤ ਵਿੱਚ ਸਿੱਖ-ਸਪਿਰਟ ਦਾ ਪੱਲਾ ਨਹੀਂ ਛੱਡਿਆ ਸੀ।ਉਹਨਾਂ ਨੇ ਇਹ ਪੈੜਾਂ ਪਾਈਆਂ ਸਨ ਕਿ ਕਿਸੇ ਵੀ ਹਾਲਤ ਵਿੱਚ ਸਿੱਖ ਰਿਹਾ ਜਾ ਸਕਦਾ ਹੈ*।ਉਹਨਾਂ ਨੇ "ਜੈਤੋ ਦੇ ਮੋਰਚੇ" ਵੇਲੇ ਵਰਤੇ ਅਰਥਾਤ ਅਜਮਾਏ ਗਏ ਸ਼ਾਂਤਮਈ-ਸੰਘਰਸ਼ ਦੀ ਥਾਂ ਤੇ ਹਥਿਆਰਬੰਦ-ਸੰਘਰਸ਼ ਦੀ ਚੋਣ ਕੀਤੀ ਸੀ। ਇਸ ਚੋਣ ਨਾਲ ਸਿੱਖ-ਸੁਰ ਵਿੱਚ ਨਿਭਣ ਦੀਆਂ ਮਿਸਾਲਾਂ ਮਿਲ ਜਾਂਦੀਆਂ ਹਨ।ਕੈਨੇਡਾ ਵਿੱਚ ਇਨਸਪੈਕਟਰ ਹਾਪਕਿਨਸਨ (੧੯੧੪) ਦੇ ਕਤਲ ਦੇ ਮੁਕੱਦਮੇ ਵਿੱਚ ਮੇਵਾ ਸਿੰਘ ਦੇ ਇਕਬਾਲ ਦਾ ਹਵਾਲਾ ਜਾਂ ਫਾਂਸੀਆਂ ਦੇ ਰੱਸਿਆਂ ਨੂੰ ਖਿੜੇ ਮੱਥੇ ਚੁੰਮਨ ਵਾਲੇ ਗ਼ਦਰੀਆਂ ਦਾ ਹਵਾਲਾ, ਇਸ ਦੀ ਪੁਸ਼ਟੀ ਵਾਸਤੇ ਦਿੱਤਾ ਜਾ ਸਕਦਾ ਹੈ।*ਦੇਸ਼ ਭਗਤ ਤਾਂ ਆਜ਼ਾਦੀ ਦੀ ਲੜਾਈ ਲੜ ਰਹੇ ਸਾਰੇ ਹੀ ਭਾਰਤੀ ਸਨ, ਪਰ ਦੇਸ਼ ਦੀ ਆਜ਼ਾਦੀ ਵਾਸਤੇ ਲੜ ਰਹੇ ਭਜਨੀਕ-ਦੇਸ਼-ਭਗਤ ਕੇਵਲ ਸਿੱਖ ਹੀ ਸਨ।ਇਸ ਦੇ ਬਾਵਜੂਦ ਕਿ ਗ਼ਦਰ-ਸਾਹਿਤ ਵਿੱਚੋਂ ਇਸ ਦੀਆਂ ਪੈੜਾਂ ਲੱਭੀਆਂ ਜਾ ਸਕਦੀਆਂ ਹਨ, ਇਨ੍ਹਾਂ ਭਜਨੀਕ-ਦੇਸ਼-ਭਗਤਾਂ ਦੇ ਇਸ ਪ੍ਰਸੰਗ ਨੂੰ ਸਾਹਮਣੇ ਲਿਆਂਦੇ ਜਾਣ ਦੀ*

***ਕੋਸ਼ਿਸ਼ ਹੀ ਨਹੀਂ ਹੋ ਸਕੀ।ਸਿੱਖ ਧਰਮ ਵਿੱਚ ਹਥਿਆਰਬੰਦ-ਸੰਘਰਸ਼ ਅਰਥਾਤ ਹਿੰਸਕ-ਸਿਆਸਤ ਦਾ ਬਦਲ ਧਰਮ-ਯੁੱਧ ਹੈ ਅਤੇ ਇਸ ਨੂੰ ਇਕ ਪਾਸੇ "ਇਨਕਲਾਬ" ਨਾਲੋਂ ਅਤੇ ਦੂਜੇ ਪਾਸੇ "ਜਹਾਦ" ਨਾਲੋਂ ਨਿਖੇੜਕੇ ਵੇਖੇ ਜਾਣ ਦੀ ਲੋੜ ਹੈ***।ਇਨ੍ਹਾਂ ਤਿੰਨਾਂ ਦੇ ਨਿਖੇੜ ਨਾਲ ਹੀ ਸਿੱਖ-ਪ੍ਰਸੰਗ ਸਥਾਪਤ ਕਰਨ ਵਾਲੇ ਰਾਹ ਪਿਆ ਜਾ ਸਕਦਾ ਹੈ।ਹੁਣ ਤਾਂ ਇਹ ਧਾਰਨਾਵਾਂ ਵੀ ਸਾਹਮਣੇ ਆਉਣ ਲੱਗ ਪਈਆਂ ਹਨ ਕਿ ਧਰਮ ਅਤੇ ਸਿਆਸਤ ਨੂੰ ਇਕੱਠਿਆਂ ਕਰਨ ਦੇ ਨਤੀਜੇ, ਧਰਮ ਵਿਰੁਧ ਨਿਕਲਦੇ ਰਹੇ ਹਨ ਕਿਉਂਕਿ ਧਰਮ ਉਤੇ ਸਿਆਸਤ ਨੂੰ ਪਹਿਲ ਦੇਣ ਨਾਲ ਸਦਾ ਧਰਮ ਹੀ, ਹਾਸ਼ੀਏ ਤੇ ਜਾਂਦਾ ਰਿਹਾ ਹੈ।ਇਹੋ ਜਿਹੀਆਂ ਧਾਰਨਾਵਾਂ ਅਧੀਨ ਗ਼ਦਰ-ਪਾਰਟੀ ਕੇਂਦਰ ਵਿੱਚ ਆ ਗਈ ਸੀ ਅਤੇ ਗ਼ਦਰ-ਲਹਿਰ ਹਾਸ਼ੀਏ ਵਾਲੀ ਲਕੀਰ ਤੋਂ ਵੀ ਅੱਗੇ ਲੰਘਾ ਦਿੱਤੀ ਗਈ ਸੀ।ਧਰਮ ਨੂੰ ਸੁਰੱਖਿਅਤ ਘੇਰੇ ਵਿੱਚੋਂ ਬਾਹਰ ਕੱਢਣ ਦਾ ਇਹੀ ਨਤੀਜਾ ਨਿਕਲਦਾ ਰਿਹਾ ਹੈ। ਇਸ ਦੇ ਬਾਵਜੂਦ ਸਿੱਖ-ਨਾਬਰੀ ਦੀ ਸਥਾਪਤ-ਸਚਾਈ ਅਤੇ ਇਸ ਦੇ ਇਤਿਹਾਸ ਵਿੱਚ ਪ੍ਰਗਟਾਵੇ ਤੋਂ ਇਨਕਾਰ ਕਰਨਾ ਬੇਸ਼ੱਕ ਸੌਖਾ ਨਹੀਂ ਹੈ।ਪਰ ੨੧ਵੀਂ ਸਦੀ ਨਾਲ ੧੯ਵੀਂ ਸਦੀ ਦੀ ਸੁਰ ਵਿੱਚ ਨਜਿੱਠਣਾ ਵੀ ਸੌਖਾ ਨਹੀਂ ਹੈ।ਇਸ ਦੇ ਸਮਰਥਨ ਵਿੱਚ ਬੱਬਰ-ਅਕਾਲੀਆਂ ਦੀ ਲਹਿਰ ਦੇ ਸਿੱਖ-ਪ੍ਰਸੰਗ ਦਾ ਹਵਾਲਾ ਦਿੱਤਾ ਜਾ ਸਕਦਾ ਹੈ। ***ਸਿੱਖ-ਨਾਬਰੀ, ਅਸਲ ਵਿੱਚ ਸਿੱਖ-ਮਾਨਸਿਕਤਾ ਦਾ ਹੀ ਹਿੱਸਾ ਰਹੀ ਹੈ ਅਤੇ ਰਹਿਣੀ ਵੀ ਹੈ।ਗ਼ਦਰ-ਲਹਿਰ ਦੇ ਮੋਢੀ ਸਿੱਖਾਂ ਨੂੰ ਸਿੱਖ ਰੋਲ-ਮਾਡਲ ਵੀ ਕਿਹਾ ਜਾ ਸਕਦਾ ਹੈ ਕਿਉਂਕਿ ਉਹ ਸਿਆਸਤ ਵਾਸਤੇ ਧਰਮ ਨੂੰ ਵਰਤਣ ਦੀ ਥਾਂ ਤੇ,ਧਰਮ ਵਾਸਤੇ ਸਿਆਸਤ ਨੂੰ ਵਰਤ ਰਹੇ ਸਨ।ਉਹਨਾਂ ਦੀ ਸਿੱਖ-ਨਾਬਰੀ ਕਿਸੇ ਕਿਸਮ ਦੀ ਸਿਆਸੀ-ਡੱਬਾਬੰਦੀ ਤੋਂ ਮੁਕਤ ਹੋਣ ਕਰਕੇ, ਹਰ ਰੰਗ ਦੇ ਸਮਕਾਲੀਆਂ ਨੂੰ ਨਾਲ ਲੈਕੇ ਤੁਰਨ ਦੇ ਸਮਰਥ ਸੀ***।ਸਿੱਖ ਧਰਮ ਦੇ ਪ੍ਰਭਾਵ ਦਾ ਪ੍ਰਤੀਕ, ਪੰਜਾਬੀ ਸਭਿਆਚਾਰ ਆਪਣੇ ਸੁਭਾ ਅਤੇ ਪ੍ਰਗਟਾਵੇ ਵਿੱਚ ਬਹੁਲਵਾਦੀ (pluralistic) ਰਿਹਾ ਹੈ। ***ਇਸ ਸੁਭਾਵਕ-ਲਚਕੀਲੇਪਨ ਕਰਕੇ ਸਿੱਖ, ਸਮਕਾਲ ਨੂੰ ਨਾਲ ਲੈਕੇ, ਸਮਕਾਲ ਤੇ ਸਰਦਾਰੀ ਕਰਣ ਦੀ ਸਮਰਥਾ ਦੇ ਮਾਲਕ ਬਣਦੇ ਰਹੇ ਹਨ। ਗ਼ਦਰ-ਸਾਹਿਤ ਦੇ ਆਧਾਰ ਤੇ ਕਿਹਾ ਜਾ ਸਕਦਾ ਹੈ ਕਿ ਸਿੱਖ-ਗ਼ਦਰੀ, ਆਜ਼ਾਦੀ ਦੇ ਪੁਜਾਰੀਆਂ ਵਾਂਗ ਵਿਚਰਨ ਦੀ ਥਾਂ ਤੇ ਆਜ਼ਾਦੀ ਦੇ ਆਸ਼ਕਾਂ ਵਾਂਗ ਵਿਚਰਦੇ ਰਹੇ ਸਨ।ਉਹਨਾਂ ਵਾਸਤੇ ਧਾਰਮਿਕ-ਨਾਬਰੀ ਅਤੇ ਇਨਕਲਾਬੀ-ਨਾਬਰੀ ਨੂੰ ਇਕੱਠਿਆਂ ਤੋਰਨਾ ਮੁਸ਼ਕਲ ਨਹੀਂ ਸੀ***।ਇਸ ਦੇ ਬਾਵਜੂਦ ਗ਼ਦਰ-ਸਾਹਿਤ ਵਿੱਚੋਂ ਜਿਸ ਤਰ੍ਹਾਂ ਇਨਕਲਾਬੀ-ਨਾਬਰੀ ਦਾ ਜ਼ਿਕਰ ਤਾਂ ਬਹੁਤ ਮਿਲਦਾ ਹੈ, ਉਸ ਤਰ੍ਹਾਂ ਸਿੱਖਾਂ ਦੀ ਧਾਰਮਿਕ-ਨਾਬਰੀ ਦਾ ਜ਼ਿਕਰ ਨਹੀਂ ਮਿਲਦਾ ਜਾਂ ਤਕਰੀਬਨ ਮਨਫੀ ਵਿਖਾ ਦਿੱਤਾ ਗਿਆ ਹੈ। ਮਿਸਾਲ ਦੇ ਤੌਰ ਤੇ "ਗ਼ਦਰ ਲਹਿਰ ਦੀ ਕਵਿਤਾ" ਦੇ ੫੦੦ ਸਫਿਆਂ ਦੀ ਪੁਸਤਕ ਦੇ ਇੰਡੈਕਸ ਵਿੱਚ "ਗੁਰਦੁਆਰੇ" ਦਾ ਜ਼ਿਕਰ ਤੱਕ ਨਹੀਂ ਹੈ।ਜੇ ਗੁਰਦੁਆਰੇ ਦਾ ਜ਼ਿਕਰ ਨਹੀਂ ਹੈ ਤਾਂ ਫਿਰ ਧਰਮ, ਸੰਗਤ, ਪੰਥ, ਖਾਲਸਾ ਅਤੇ ਅੰਮ੍ਰਿਤ ਦਾ ਜ਼ਿਕਰ ਕਿੱਥੋਂ ਹੋਣਾ ਸੀ? (ਵਿਸਥਾਰ ਲਈ ਵੇਖੋ ਪੁਸਤਕ ਦਾ ਇੰਡੈਕਸ)੧੧। ਲਏ ਜਾ ਰਹੇ ਨੁਕਤੇ ਦੀ ਸਪਸ਼ਟਤਾ ਲਈ ਇਹ ਦੱਸਣਾ ਕੁਥਾਂ ਨਹੀਂ ਹੋਵੇਗਾ ਕਿ "ਸ੍ਰੀ ਗੁਰੂ ਗ੍ਰੰਥ ਸਾਹਿਬ" ਦਾ ਜ਼ਿਕਰ ੫੦੦ ਸਫਿਆਂ ਦੀ ਇਸ ਪੁਸਤਕ ਵਿੱਚ ਕੇਵਲ ਤਿੰਨ ਵਾਰ ਆਇਆ ਦੱਸਿਆ ਗਿਆ ਹੈ। ਇੱਕ ਵਾਰ ਇਹ ਦੱਸਣ ਲਈ ਜ਼ਿਕਰ ਆਇਆ ਹੈ ਕਿ ਅੰਗ੍ਰੇਜ਼ਾਂ ਦਾ ਕੋਈ 'ਗ੍ਰੰਥ' ਨਹੀਂ ਹੈ:

ਏਹਨਾਂ ਦਾ ਗ੍ਰੰਥ ਨ ਕੋਈ ਕੁਰਾਨ ਹੈ,

ਸਾਡੀ ਭੀ ਆਜ਼ਾਦੀ ਵਾਲਾ ਇਮਕਾਨ ਹੈ।ਪੰਨਾ ੪੦੨

ਦੂਜਾ ਹਵਾਲਾ, ਸਿੱਖਾਂ ਨੂੰ "ਗ੍ਰੰਥ ਸਾਹਿਬ" ਦੀ ਕਸਮ ਦੇਕੇ ਦੇਸ਼ ਲਈ ਮਰ ਮਿਟਣ ਵਾਸਤੇ ਆਇਆ ਹੈ:

ਹਿੰਦੂ ਵੇਦ ਤੇ ਸਿੰਘਾਂ ਗ੍ਰੰਥ ਵਾਲੀ, ਮੁਸਲਮਾਨਾਂ ਨੂੰ ਕਸਮ ਕੁਰਾਨ ਵੀਰੋ। ਪੰਨਾ ੧੨੭

ਤੀਜਾ ਹਵਾਲਾ, ਤਾਂ ਬੰਦੇ ਮਾਤ੍ਰਮ ਨਾਲ ਸਬੰਧਤ ਹੈ, ਪਰ ਪ੍ਰਗਟਾਵਾ ਇਸ ਪ੍ਰਕਾਰ ਹੋ ਗਿਆ ਹੈ:

ਗਰੰਥ ਤੇ ਕੁਰਾਨ ਵਿਚ ਐਣ ਲਿਖਿਆ, ਜਿਥੋਂ ਸਾਨੂੰ ਮਿਲੀ ਹੈ ਅਮੋਲ ਸਿਖਿਆ।

ਦੇਸ਼ ਹਿਤ ਲੜੇ ਸੂਰਾ ਸੋਈ ਜਾਣੀਏ, ਖੇਤ ਕੋ ਨ ਛੋਡ ਆਪ ਕੋ ਰਵਾਣੀਏ।

ਪੁਰਜਾ ਪੁਰਜਾ ਕਟ ਮਰੇ ਬਿਨਾਂ ਸ਼ਕ ਜੋ, ਦੇਸ਼ ਹਿਤ ਯੁਧ ਤੋਂ ਨ ਮੋੜੇ ਨੱਕ ਜੋ।ਪੰਨਾ ੨੩੮

੩.੩ ***ਇਸ ਨਾਲ ਇਹ ਨੁਕਤਾ ਸਾਹਮਣੇ ਆ ਜਾਂਦਾ ਹੈ ਕਿ ਸੰਘਰਸ਼ ਦੀ ਪ੍ਰੇਰਨਾ ਵਾਸਤੇ ਸਿੱਖ-ਮੁਹਾਵਰੇ ਦੀ ਵਰਤੋਂ ਤਾਂ ਕੀਤੀ ਗਈ ਹੈ, ਪਰ ਇਸ ਦੇ ਸਿੱਖ-ਪ੍ਰਸੰਗ ਨੂੰ ਅੱਖੋਂ ਓਹਲੇ ਕਰਣ ਵਾਸਤੇ ਇਸ ਪੱਖ ਵਲੋਂ ਅੱਖਾਂ ਮੀਟੀਆਂ ਗਈਆਂ ਹਨ।ਇਹ ਚੋਣ ਗ਼ਦਰ ਦੇ***

*ਕਵੀਆਂ ਦੀ ਨਹੀਂ ਸੀ, ਕਿਉਂਕਿ ਅਜਿਹਾ ਸੰਪਾਦਕੀ ਧਿਰ ਵਲੋਂ ਹੀ ਕੀਤਾ ਗਿਆ ਸਾਫ ਨਜ਼ਰ ਆ ਜਾਂਦਾ ਹੈ*।"ਗ਼ਦਰ ਲਹਿਰ ਦੀ ਕਵਿਤਾ" ਨੂੰ ਪੜ੍ਹਦਿਆਂ ਸਿੱਖ-ਰੰਗ ਲੱਭਣ ਵਿੱਚ ਮੈਨੂੰ ਕੋਈ ਮੁਸ਼ਕਲ ਪੇਸ਼ ਨਹੀਂ ਆਈ। ਇਸ ਪੁਸਤਕ ਦੀ ਭੂਮਿਕਾ ਵਿੱਚ ਸਿੱਖ-ਵਿਰੋਧ ਨੂੰ "ਕਲਚਰ ਦੇ ਫਰਕਾਂ ਤੋਂ ਉਤਪੰਨ ਹੋਈ ਮੁਸ਼ਕਲ" ਕਿਹਾ ਹੈ ਅਤੇ ਟੂਕ ਇਹ ਦਿੱਤੀ ਹੈ:

"੨ ਅਕਤੂਬਰ ਨੂੰ ਵੈਨਕੂਵਰ ਸੈਂਟਰਲ ਸਕੂਲ ਦੇ ਪ੍ਰਿੰਸੀਪਲ ਨੇ ੩ ਸਿੱਖ ਬਾਲਕਾਂ ਲਈ ਜੋ ਕਿ ਉਥੇ ਦਾਖਲ ਹੋਣ ਲਈ ਗਏ ਸਨ ਹੁਕਮ ਦਿੱਤਾ ਕਿ ਜੇ ਉਹ ਪੜ੍ਹਨਾ ਚਾਹੁੰਦੇ ਹਨ ਤਾਂ ਸਕੂਲ ਵਿੱਚ ਦਸਤਾਰਾਂ ਉਤਾਰਕੇ ਆਉਣ।....ਉਮੈਦ ਹੈ ਕਿ ਸਿੱਖ ਕੌਮ ਜੇ ਜਿਊਂਦੀ ਹੈ ਤਾਂ ਇਸ ਆਪਣੀ ਕੌਮੀ ਬੇਇਜ਼ਤੀ ਨੂੰ ਸੁਣ ਕੇ ਬਿਆਕਲ ਹੋਵੇਗੀ ਤੇ ਇਸ ਹੁਕਮ ਦੇ ਵਿਰੁਧ ਰੌਲਾ ਪਾਉਣ ਲਈ ਦੇਰ ਨਹੀਂ ਲਾਵੇਗੀ"।(ਸੰਸਾਰ ਅਖਬਾਰ ਵਿੱਚੋਂ), ਪੰਨਾ ੨੪

ਹਾਲਾਂਕਿ ਇਸੇ ਹੀ ਪੁਸਤਕ ਦੀ ਭੂਮਿਕਾ ਦੇ ਪੰਨਾ ੩੧ ਤੇ ਇਹ ਰੀਕਾਰਡ ਕੀਤਾ ਹੋਇਆ ਹੈ ਕਿ- "ਗ਼ਦਰ ਲਹਿਰ ਦੀ ਕਵਿਤਾ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਦੇ ਸਿੰਘ-ਅੰਦੋਲਨ ਤੋਂ ਲੈਕੇ ਆਪਣੀਆਂ ਸਮਕਾਲੀ ਇਤਿਹਾਸਕ ਘਟਨਾਵਾਂ ਤੇ ਵਿਅਕਤੀਆਂ ਤੱਕ ਬਿਨਾਂ ਕਿਸੇ ਧਰਮ, ਜਾਤ, ਇਲਾਕੇ ਤੇ ਦੇਸ਼ ਦੇ ਭਿੰਨਭੇਦ ਦੇ ਉਨ੍ਹਾਂ ਨੇ ਨਰੋਏ ਤੇ ਇਨਕਲਾਬੀ ਤੱਤਾਂ ਨੂੰ ਅੰਕਿਤ ਕੀਤਾ ਹੈ"। ਹਾਲਾਤ ਇਹ ਸਨ ਕਿ "ਵੇਲਾ ਆ ਗਿਆ ਤੇਗ਼ ਉਠਾਵਨੇ ਦਾ" (੩੮) ਕਹਿਣ ਦੀ ਲੋੜ ਤਾਂ ਮਹਿਸੂਸ ਕੀਤੀ ਜਾ ਰਹੀ ਹੈ, ਪਰ ਵਿਆਖਿਆ ਇਹ ਦਿੱਤੀ ਜਾ ਰਹੀ ਹੈ ਕਿ "'ਗ਼ਦਰ' ਅਜਿਹੇ ਸਮਾਜੀ-ਰਾਜਨੀਤਕ ਇਨਕਲਾਬ ਦਾ ਪਰਿਆਇਵਾਚੀ ਹੋ ਨਿਬੜਿਆ ਜਿਸ ਦਾ ਅੰਤਮ ਨਿਸ਼ਾਨਾ ਸਮਾਜਵਾਦੀ ਤੇ ਸਾਮਵਾਦੀ ਸਮਾਜਕ ਵਿਵਸਥਾ ਦੀ ਸਥਾਪਤੀ ਸੀ"(੩੯)। ਨਤੀਜਾ ਇਹ ਵੀ ਕੱਢਿਆ ਹੋਇਆ ਹੈ ਕਿ "ਅਸੀਂ ਇਹ ਗੱਲ ਘਟ ਹੀ ਗੌਲੀ ਹੈ ਕਿ ਗ਼ਦਰੀ ਸਭਿਆਚਾਰ ਦਾ ਮੁਢਲਾ ਸਿਰਾ ਭਗਤਾਂ-ਸੰਤਾਂ ਦੀ ਬਾਣੀ, ਗੁਰੂਆਂ ਦੀ ਬਾਣੀ ਤੇ ਭਾਈ ਗੁਰਦਾਸ ਦੀਆਂ ਵਾਰਾਂ ਨਾਲ ਜਾ ਜੁੜਦਾ ਹੈ ਤੇ ਆਖਰੀ ਸਿਰਾ ਪ੍ਰਗਤੀਵਾਦੀ, ਜੁਝਾਰਵਾਦੀ ਕਵਿਤਾ ਤੇ ਨਵੀਨ ਗਲਪ-ਸਾਹਿਤ ਵਿਚ ਵਿਲੀਨ ਹੋ ਜਾਂਦਾ ਹੈ"(੪੮)। ਇਹ ਟਿਪਣੀ ਕਰਣ ਵਾਲੇ ਨੇ ਇਹ ਧਿਆਨ ਵਿੱਚ ਨਹੀਂ ਰੱਖਿਆ ਕਿ ਸਿੱਖ-ਪਛਾਣ ਅਤੇ ਸਿੱਖ-ਫਖਰ ਦਾ ਜਜ਼ਬਾ, ਗ਼ਦਰੀ-ਕਵੀਆਂ ਦੀਆਂ ਕਵਿਤਾਵਾਂ ਵਿੱਚ ਬੇਗਾਨੀ ਧਰਤੀ ਤੇ ਵੀ ਮੱਘਦਾ ਨਜ਼ਰ ਆ ਜਾਂਦਾ ਹੈ:

ਤੁਮ ਕਿਸ ਕੇ ਪੂਤ ਕਹਾਤੇ ਹੋ? ਕਿਸ ਨਾਮ ਸੇ ਜਾਣੇ ਜਾਤੇ ਹੋ?

ਜੋ ਅੰਨਦਾਤਾ ਕਹਾਤੇ ਹੈਂ। ਵੋਹ ਅੰਨ ਤੁਮ੍ਹਾਰਾ ਖਾਤੇ ਹੈਂ।

ਵੋਹ ਦੇਸ਼ ਤੁਮ੍ਹਾਰਾ ਲੂਟੇ ਹੈਂ। ਜੋ ਦੁਨੀਆਂ ਭਰ ਕੇ ਝੂਟੇ ਹੈਂ। ਪੰਨਾ ੪੯

"ਇਕ ਓਟ ਅਕਾਲ ਦੀ ਰੱਖ ਅੱਗੇ" (੯੬) ਦੀ ਭਾਵਨਾ ਨਾਲ ਜੁੜੇ ਹੋਏ ਸਿੱਖ-ਗ਼ਦਰੀਆਂ ਦਾ ਸਿੱਖ-ਪ੍ਰਸੰਗ ਸਥਾਪਤ ਕਰਣ ਵਾਸਤੇ ਗ਼ਦਰ-ਸਾਹਿਤ ਵਿੱਚ ਵਰਤਿਆ ਗਿਆ ਸਿੱਖ-ਮੁਹਾਵਰਾ ਕਿਸ ਤਰ੍ਹਾਂ ਮਦਦ ਕਰਦਾ ਹੈ, ਇਸ ਬਾਰੇ ਇਹ ਟੂਕ, ਸੰਕੇਤ ਕਰ ਦੇਂਦੀ ਹੈ:

ਸਵਾ ਲੱਖ ਸੇ ਲੜੇਗਾ ਇੱਕ ਸੂਰਾ, ਗਏ ਗੁਰਾਂ ਦੇ ਉਹ ਫੁਰਮਾਨ ਕਿੱਥੇ।

ਤੁਸੀਂ ਸ਼ੇਰ ਤੇ ਗੁਰਮੁਖੋ ਕੇਹਰ ਬੱਚੇ, ਅੱਜ ਗਈ ਸ਼ੇਰਾਂ ਵਾਲੀ ਬਾਨ ਕਿੱਥੇ। ਪੰਨਾ ੯੯

ਗੁਰੂ ਦੇ ਰੰਗ ਵਿੱਚ ਰੰਗੇ ਹੋਏ ਭਜਨੀਕ-ਗ਼ਦਰੀ ਤਾਂ ਆਪਣੇ ਆਪਣੇ ਕਾਰਣਾਂ ਕਰਕੇ ਗ਼ਦਰ-ਲਹਿਰ ਤੋਂ ਪਾਸੇ ਜਾ ਰਹੇ ਗੁਰਸਿੱਖਾਂ ਨੂੰ ਲਗਾਤਾਰ ਪੁਕਾਰਦੇ ਵੀ ਹਨ ਅਤੇ ਲਲਕਾਰਦੇ ਵੀ ਹਨ:

ਸਿੰਘ ਹੋਕੇ ਗੁਰੂ ਗੋਬਿੰਦ ਸਿੰਘ ਦੇ, ਹੁਕਮਨਾਮਿਆਂ ਤਾਈਂ ਭੁਲਾਇਆ ਕਿਉਂ।

ਹੁਕਮ ਸਤਿਗੁਰਾਂ ਦਾ ਜ਼ੁਲਮ ਰਹੇ ਨਾਹੀਂ, ਜ਼ੁਲਮ ਦੇਖਕੇ ਹੱਥ ਖਸਕਾਇਆ ਕਿਉਂ।ਪੰਨਾ ੧੧੪

***ਖਾਲਸਾ-ਪੈਂਤੜੇ ਦੇ ਜੁਝਾਰੂ-ਆਧਾਰ ਵੀ ਸਥਾਪਤ ਹਨ ਅਤੇ ਇਨ੍ਹਾਂ ਦਾ ਇਤਿਹਾਸ ਵਿੱਚ ਪ੍ਰਗਟਾਵਾ ਵੀ ਹੋ ਚੁੱਕਾ ਹੈ।ਜਿਹੜੇ ਸਰੋਕਾਰ ਸਿਧਾਂਤ ਦਾ ਹਿੱਸਾ ਹੋਣ ਕਰਕੇ, ਸਿਧਾਂਤ ਦੇ ਸਬੰਧਤ-ਵਾਰਸਾਂ ਦੇ ਸੁਭਾ ਦਾ ਹਿੱਸਾ ਹੋਕੇ, ਇਤਿਹਾਸ ਵਿੱਚ ਪ੍ਰਗਟ ਹੋ ਜਾਣ, ਉਹ ਖੂਨ ਦਾ ਹਿੱਸਾ ਹੋਕੇ ਪੀਹੜੀ ਦਰ ਪੀਹੜੀ ਚੱਲਦੇ ਰਹਿੰਦੇ ਹਨ***।ਇਸ ਭਾਵਨਾ ਦਾ ਪ੍ਰਸੰਗ-ਸਥਾਪਨ ਨਹੀਂ ਹੋ ਸਕਿਆ?ਪਰ ਜਿਹੋ ਜਿਹੀ

ਤਬਦੀਲੀ ਸਿੱਖ-ਭਾਈਚਾਰੇ ਵਿੱਚ ਆ ਚੁੱਕੀ ਸੀ, ਉਸੇ ਦੇ ਪ੍ਰਤੀਨਿਧ ਗ਼ਦਰੀ ਸਨ। ਇਸ ਤਬਦੀਲੀ ਦੇ ਤਿੰਨ ਸਿਧਾਂਤਕ-ਆਧਾਰ, ਗੁਰਮਤਿ-ਸਾਹਿਤ ਵਿੱਚ ਇਸ ਤਰ੍ਹਾਂ ਪ੍ਰਾਪਤ ਹਨ:

ਪਹਿਲਾ ਆਧਾਰ ਹੈ:

ਜਉ ਤਉ ਪ੍ਰੇਮ ਖੇਲਨ ਕਾ ਚਾਉ॥ ਸਿਰੁ ਧਰਿ ਤਲੀ ਗਲੀ ਮੇਰੀ ਆਉ॥

ਇਤੁ ਮਾਰਗਿ ਪੈਰੁ ਧਰੀਜੈ॥ ਸਿਰੁ ਦੀਜੈ ਕਾਣਿ ਨ ਕੀਜੈ॥ ਪੰਨਾ ੧੪੧੨

ਦੂਜਾ ਆਧਾਰ ਹੈ:

ਅਜ਼ ਹਮਾ ਹੀਲਤੇ ਦਰਗੁਜ਼ਸ਼ਤ॥

ਹਲਾਲ ਅਸਤ ਬੁਰਦਨ ਬਾਸ਼ਮਸ਼ੀਰ ਦਸਤ॥ (ਦਸਮ ਪਾਤਸ਼ਾਹ)

ਤੀਜਾ ਆਧਾਰ ਹੈ:

ਹੇ ਰਵਿ ਹੇ ਸਸਿ ਹੇ ਕਰੁਣਾਨਿਧਿ, ਮੇਰੀ ਅਬੈ ਬਿਨਤੀ ਸੁਨਿ ਲੀਜੈ॥

ਅਉਰ ਨ ਮਾਂਗਤ ਹਉ ਤੁਮ ਤੇ ਕਛੁ, ਚਾਹਤ ਹਉਂ ਚਿਤ ਮੈ ਸੋਈ ਕੀਜੈ॥

ਸਸਤ੍ਰਨ ਸੋਂ ਅਤਿ ਹੀ ਰਨ ਭੀਤਰ, ਜੂਝਿ ਮਰੋਂ ਕਹਿ ਸਾਚੁ ਪਤੀਜੈ॥(ਦਸਮ ਪਾਤਸ਼ਾਹ)

੪.੧ ਇਹਨਾਂ ਆਧਾਰਾਂ ਨੂੰ ਧਿਆਨ ਵਿੱਚ ਰੱਖਕੇ ***ਪੰਥਕ-ਪੈਂਤੜਾ ਇਹ ਤਹਿ ਹੁੰਦਾ ਰਿਹਾ ਹੈ ਕਿ ਬਚਨਬੱਧਤਾ ਨੂੰ ਆਪਣੀ ਜਾਨ ਨਾਲੋਂ ਵੀ ਪਹਿਲ ਦੇਣੀ ਹੈ***। ਗ਼ਦਰ-ਲਹਿਰ ਦੇ ਜਿਹੜੇ ਸਰੋਕਾਰਾਂ ਨੇ ਦੁਨੀਆਂ ਭਰ ਦੇ ਇਨਕਲਾਬੀਆਂ ਨੂੰ ਆਪਣੇ ਵੱਲ ਖਿੱਚਿਆ ਸੀ, ਉਸ ਦਾ ਜ਼ਿਕਰ ਕਿਸੇ ਨ ਕਿਸੇ ਰੂਪ ਵਿੱਚ ਪੁਸਤਕ "ਗ਼ਦਰ-ਲਹਿਰ ਦੀ ਕਵਿਤਾ"੧੧ ਵਿੱਚੋਂ ਮਿਲ ਜਾਂਦਾ ਹੈ। ਇਹ ਜ਼ਿਕਰ ਕਿਸੇ ਨ ਕਿਸੇ ਰੂਪ ਵਿੱਚ ਵੇਖਣ ਵਾਲੀ ਅੱਖ ਨੂੰ ਉੱਪਰ ਦਿੱਤੇ ਗਏ ਤਿੰਨਾਂ ਪੰਥਕ-ਆਧਾਰਾਂ ਨਾਲ ਜੁੜਿਆ ਹੋਇਆ ਨਜ਼ਰ ਆ ਜਾਂਦਾ ਹੈ:

ਭੁਲੀ ਤਲਵਾਰ ਤਾਹੀਂ ਹੋਇਆ ਖੁਆਰ ਅੱਜ, ਫੇਰ ਹੱਥ ਸੋਹਣੀ ਮੁੱਠ ਖੰਡੇ ਦੀ ਨੂੰ ਪਾ ਲੀਏ।

ਫੜ ਸ਼ਮਸ਼ੀਰ ਲਾਈਏ ਵੈਰੀਆਂ ਦੇ ਢੇਰ ਬੱਢ, ਠੰਡੇਆਂ ਦਿਲਾਂ ਨੂੰ ਉਠੋ ਜ਼ਰਾ ਤਾ ਲੀਏ। ਪੰਨਾ ੧੯੮

ਇਸ ਭਾਵਨਾ ਦੇ ਬਾਵਜੂਦ,ਅਕਾਦਮਿਕ ਚੌਧਰੀਆਂ ਦੀ ਬਦੌਲਤ, ***ਸਿੱਖ-ਪ੍ਰਸੰਗ ਜੇ ਗਵਾਚਿਆ ਹੈ ਤਾਂ ਇਸ ਦੇ ਬਹੁਤ ਸਾਰੇ ਕਾਰਣ ਹੋ ਸਕਦੇ ਹਨ। ਪਰ ਅਫਸੋਸ,ਇਨ੍ਹਾਂ ਕਾਰਣਾ ਨੂੰ ਧਿਆਨ ਵਿੱਚ ਰੱਖਣ ਦੀ ਥਾਂ, ਪੰਥਕ-ਭਾਵਨਾ ਦੇ ਪ੍ਰਸੰਗ-ਵਿਗਾੜ ਵਾਸਤੇ ਪ੍ਰਚਲਿਤ ਕੀਤੀਆਂ ਗਈਆਂ ਦੰਦ-ਕਥਾਵਾਂ ਨੂੰ ਸਾਹਮਣੇ ਰੱਖਣ ਦੀ ਵਧੀਕੀ ਹੁੰਦੀ ਰਹੀ ਹੈ***। ੧੮੫੭ ਦੇ ਗ਼ਦਰ ਵਿੱਚ ਸਿੱਖਾਂ ਦੀ ਭੂਮਿਕਾ ਤੇ ਸਦਾ ਹੀ ਪ੍ਰਸ਼ਨ ਚਿੰਨ੍ਹ ਲੱਗਦੇ ਰਹੇ ਹਨ। ਸਿੱਖਾਂ ਬਾਰੇ ਇਸ ਤਰ੍ਹਾਂ ਦੀ ਵਧੀਕੀ,ਸਿੱਖ ਪ੍ਰਸੰਗ ਨੂੰ ਜਾਣੇ ਬਿਨਾਂ ਲਗਾਤਾਰ ਹੁੰਦੀ ਰਹੀ ਹੈ। ਵਧੀਕੀਆਂ ਦੇ ਇਸ ਇਤਿਹਾਸ ਨੂੰ ਮਹਾਰਾਣੀ ਜਿੰਦਾਂ ਤੇ ਲੱਗੇ ਦੋਸ਼ਾਂ ਦੀ ਨਿਰੰਤਰਤਾ ਵਿੱਚ ਸੌਖਿਆਂ ਸਮਝਿਆ ਜਾ ਸਕਦਾ ਹੈ। ਪ੍ਰਾਪਤ "ਸੌ ਸਾਖੀ" ਵਿੱਚੋਂ ਵੀ ਇਸ ਤਰ੍ਹਾਂ ਦੀ ਵਧੀਕੀ ਦੀ ਪੁਸ਼ਟੀ ਹੋ ਜਾਂਦੀ ਹੈ। ਇਸ ਦੇ ਸੱਚ ਜਾਂ ਸਿਆਸਤ ਨੂੰ ਵਿਚਾਰਨ ਦੀ ਇਥੇ ਗੁੰਜਾਇਸ਼ ਨਹੀਂ ਹੈ। ਇਸ ਹਵਾਲੇ ਨਾਲ ਇਥੇ ਇਹੀ ਦੱਸਿਆ ਜਾ ਰਿਹਾ ਹੈ ਕਿ ਮਿਸਾਲ ਦੇ ਤੌਰ ਤੇ ੧੮੫੭ ਦੇ ਗ਼ਦਰ ਵਿੱਚ ਸਿੱਖ-ਭੂਮਿਕਾ ਨੂੰ ਦੰਦ-ਕਥਾ ਦੇ ਆਧਾਰ ਤੇ "ਕਲੰਕ" ਗਰਦਾਨੇ ਜਾਣ ਬਾਰੇ ਕਾਵਿ-ਹਵਾਲਾ ਇਸ ਪ੍ਰਕਾਰ ਹੈ:

ਜਦੋਂ ਸੰਨ ਸਤਵੰਜਾ ਵਿਚ ਗ਼ਦਰ ਹੋਇਆ, ਆਇਆ ਪੰਥ ਨੂੰ ਬਹੁਤ ਜ਼ਵਾਲ ਸਿੰਘੋ।

ਅੱਜ ਮੁਲਕ ਆਜ਼ਾਦੀ ਵਿਚ ਖੇਡਣਾ ਸੀ, ਕਰਦੇ ਪਿਆਰ ਜੇ ਗ਼ਦਰ ਦੇ ਨਾਲ ਸਿੰਘੋ।

ਜੱਟਾਂ ਸਿੱਧਿਆਂ ਨੂੰ ਕੋਈ ਦੋਸ਼ ਨਾਹੀਂ, ਸਾਡੇ ਲੀਡਰਾਂ ਦਾ ਮੰਦਾ ਹਾਲ ਸਿੰਘੋ। ਪੰਨਾ ੨੪

ਗ਼ਦਰ-ਲਹਿਰ ਨੂੰ ਇਹ ਕਲੰਕੀ ਧੋਣ ਦਾ ਅਵਸਰ ਦੱਸਣ ਵਾਸਤੇ ਹੀ ਇਹ ਕੀਤਾ ਗਿਆ ਸੀ:

ਪਿਛਲੀ ਕਲੰਕੀ ਸਾਰੀ ਚੁੱਕੀ ਜਾਊਗੀ, ਹੋਊਗੀ ਆਜ਼ਾਦੀ ਨਸਲ ਸੁਖ ਪਾਊਗੀ। ਪੰਨਾ ੨੮

ਸਿੱਖ ਰਾਜ ਦੇ ਜਾਣ ਨਾਲ ਜੁੜੀ ਹੋਈ ਸ਼ਾਹ ਮੁਹੰਮਦ ਦੀ ਇਹ ਟਿਪਣੀ "ਅੱਜ ਹੋਵੇ ਸਰਕਾਰ ਤਾਂ ਮੁੱਲ ਪਾਵੇ,ਜਿਹੜੀਆਂ ਖਾਲਸੇ ਨੇ ਤੇਗਾਂ ਮਾਰੀਆਂ ਨੇ", ਸਿੱਖਾਂ ਬਾਰੇ ਦੰਦ ਕਥਾਵਾਂ ਨੂੰ ਮਾਨਤਾ ਦੇਣ ਵਿੱਚ ਸਹਾਇਤਾ ਕਰਦੀ ਰਹੀ ਹੈ।"ਸੌ ਸਾਖੀ",ਜਿਵੇਂ ਉਪਰ ਸੰਕੇਤ ਕੀਤਾ ਹੈ, ਏਸੇ ਦਾ ਹਿੱਸਾ ਕਹੀ ਜਾ ਸਕਦੀ ਹੈ।ਪ੍ਰਸਿਧ ਅੰਗ੍ਰੇਜ਼ ਜਰਨੈਲ ਚਾਰਲਸ ਗੱਫ ਵਲੋਂ ਲਿਖੀ ਗਈ ਪੁਸਤਕ੧੨ ਵਿੱਚ, ਇਹ ਕਿਹਾ ਹੋਇਆ ਹੈ ਕਿ "ਸਿੱਖ ਤਾਂ ਸ਼ੇਰ ਹਨ, ਪਰ ਇਹਨਾਂ ਦੇ ਲੀਡਰ ਗਧੇ ਹਨ (community of lions led by donkeys)। ਇਹ ਟਿਪਣੀ ਵੀ ਇਸੇ ਪ੍ਰਸੰਗ ਦੀ ਪ੍ਰੋੜ੍ਹਤਾ ਕਰਦੀ ਹੈ ਕਿ ਸਿੱਖਾਂ ਬਾਰੇ ਕੀਤੀਆਂ ਟਿਪਣੀਆਂ, ਸਿੱਖਾਂ ਤੇ ਸਦਾ ਹੀ ਚਿਪਕਦੀਆਂ ਰਹੀਆਂ ਹਨ। ਇਸ ਦੇ ਵਿਸਥਾਰ ਵਿੱਚ ਜਾਏ ਬਿਨਾਂ ਇਸ ਹਵਾਲੇ ਨਾਲ ਤਾਂ ਇਹੀ ਇਸ਼ਾਰਾ ਕਰਨਾ ਹੈ ਕਿ "ਗ਼ਦਰ ਲਹਿਰ ਦੀ ਕਵਿਤਾ" ਦੇ ਸੰਪਾਦਕ ਡਾ. ਕੇਸਰ ਸਿੰਘ ਕੇਸਰ ਨੇ ਵੀ ਸੌਖਾ ਫੈਸਲਾ ਇਹ ਕਹਿਕੇ ਲੈ ਲਿਆ ਹੈ ਕਿ "ਗ਼ਦਰੀ ਕਵਿਤਾ ਵਿੱਚ ਹਿੰਦ ਦੇ ਇਤਿਹਾਸ ਦਾ ਸੁਚੇਤ ਸਿਮਰਣ ਤੇ ਵਰਣਨ ਤਿੰਨ ਮਨੋਰਥਾਂ ਅਧੀਨ ਹੋਇਆ ਹੈ:

੧. ਇਤਿਹਾਸ ਦੇ ਪ੍ਰਾਣਧਾਰੀ ਤੱਤਾਂ ਦੇ ਮਾਨਵੀ ਵਿਰਸੇ ਨੂੰ ਆਤਮਸਾਤ ਕਰਕੇ ਨਵਾਂ ਇਤਿਹਾਸ ਸਿਰਜਣ ਲਈ
੨. ਤੱਤਕਾਲੀਨ ਘਟਨਾਵਾਂ ਦੇ ਵਿਵੇਕ ਨੂੰ ਸਮਝਣ-ਸਮਝਾਉਣ ਲਈ
੩. ਗ਼ਦਰ ਦੀ ਹਾਰ ਦੀ ਨਿਰਾਸ਼ਾ ਤੇ ਵਿਸ਼ਾਦ ਤੋਂ ਬਚਣ ਲਈ੧੩

ਪੁਸਤਕ ਦੇ ਸੰਪਾਦਕ ਨੇ ਇਸ ਦਾ ਸਿੱਖ-ਪ੍ਰਸੰਗ ਅੱਖੋਂ ਓਹਲੇ ਕਿਉਂ ਕੀਤਾ? ਇਹ ਇੱਕ ਵੱਖਰਾ ਵਿਸ਼ਾ ਹੈ।ਇੱਥੇ ਇਹ ਦੱਸਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਕਿ ਗ਼ਦਰ-ਲਹਿਰ ਦੀਆਂ ਕਵਿਤਾਵਾਂ ਵਿੱਚੋਂ ਸਿੱਖ-ਪ੍ਰਸੰਗ ਸਥਾਪਤ ਕਰਣ ਲਈ ੧੯੧੪ ਦੀਆਂ ਸ਼ਹੀਦੀਆਂ ਤੇ ਕੁਰਬਾਨੀਆਂ ਨਾਲ ਸਬੰਧਤ ਇਹੋ ਜਿਹੇ ਹਵਾਲੇ ਵੀ ਤਾਂ ਲਏ ਜਾ ਸਕਦੇ ਸਨ:

ਸਾਰੇ ਸੂਰਮੇਂ ਦੇਸ਼ ਨੂੰ ਗਿਉਂ ਲੈ ਕੇ, ਜੜ੍ਹ ਗ਼ਦਰ ਦੀ ਹਿੰਦ ਵਿਚ ਲਾਈ ਜਾਕੇ।

ਚੜ੍ਹ ਫਾਂਸੀਆਂ ਝੂਟੀਆਂ ਕੌਮ ਖਾਤਰ, ਕੀਤੀ ਜੇਹਲ ਵਿਚ ਜੋਗ ਕਮਾਈ ਜਾਕੇ।

ਨਹੀਂ ਟਲੇ, ਨ ਢਲੇ ਪਿਛਾਂਹ ਖਿਸਕੇ, ਮੂੰਹੋਂ ਬੋਲ ਸਿਰ ਨਾਲ ਨਭਾਈ ਜਾਕੇ।

ਵਾਹਵਾ ਤੂੰ ਤੇ ਧੰਨ ਸੀ ਸਾਥ ਤੇਰਾ, ਜਿਨ੍ਹਾਂ ਕੌਮ ਦੀ ਰੱਖ ਵਿਖਾਈ ਜਾਕੇ। ਪੰਨਾ ੪੨੫

੪.੨ "ਗ਼ਦਰ ਲਹਿਰ ਦੀ ਕਵਿਤਾ" ਅਤੇ "ਗ਼ਦਰ ਲਹਿਰ ਦੀ ਵਾਰਤਕ" ਦਾ ਆਧਾਰ ਉਹ ਅਖਬਾਰਾਂ ਹਨ, ਜਿਹੜੀਆਂ ਗ਼ਦਰੀਆਂ ਨੇ ਜੀਅ ਜਾਨ ਨਾਲ ਚਲਾਈਆਂ ਸਨ। ਮਿਤੀ ੩੦ ਨਵੰਬਰ ੧੯੧੩ ਦੀ "ਸੰਸਾਰ" ਅਖਬਾਰ ਦੀ ਜਿਲਦ ਦੂਜੀ, ਨੰਬਰ ਚੌਥਾ ਦੇ ਪਹਿਲੇ ਪੰਨੇ ਤੇ "ਸਚ ਸਭਨਾ ਹੋਇ ਦਾਰੂ ਪਾਪ ਕਢੈ ਧੋਇ" ਅਤੇ " ੧ੳ ਸਤਿ ਗੁਰ ਪ੍ਰਸਾਦਿ" ਲਿਖਿਆ ਹੋਇਆ ਸੀ।ਏਸੇ ਤਰ੍ਹਾਂ "ਗ਼ਦਰ" ਅਖਬਾਰ ਦੀ ਜਿਲਦ ਪਹਿਲੀ ਨੰਬਰ ਪੈਹਲਾ ਮਿਤੀਹੀਨ ਦੇ ਸਰਵਰਕ ਤੇ ਬਾਣੀ ਦੀ ਇਹ ਤੁਕ ਅੰਕਤ ਸੀ-" ਜੇ ਚਿਤ ਪ੍ਰੇਮ ਖੇਲਣ ਦਾ ਚਾਓ।ਸਿਰ ਧਰ ਤਲੀ ਗਲੀ ਮੇਰੀ ਆਓ।" ਗ਼ਦਰ-ਲਹਿਰ ਅਤੇ ਗ਼ਦਰ-ਪਾਰਟੀ ਦੇ ਫਰਕ ਨੂੰ ਸਮਝਣ ਲਈ ਇਹ ਤੱਥ ਸਹਾਇਤਾ ਕਰ ਸਕਦਾ ਹੈ ਕਿ ੧੯੨੯ ਦੇ "ਗ਼ਦਰ" ਅਖਬਾਰ ਦੇ ਪਹਿਲੇ ਪੰਨੇ ਤੇ ਬਾਣੀ ਦੀ ਤੁਕ ਦੀ ਥਾਂ ਤੇ ਭਾਰਤ ਦਾ ਨਕਸ਼ਾ ਦੇ ਦਿੱਤਾ ਗਿਆ ਸੀ, ਪਰ ਅਖਬਾਰ ਦੇ ਨਾਮ ਦੇ ਦੋਹੀਂ ਪਾਸੀਂ ਖਾਲਸੇ ਦੀਆਂ ਦੋ ਤਲਵਾਰਾਂ ਨੂੰ ਨਿਸ਼ਾਨ ਵਜੋਂ ਜ਼ਰੂਰ ਵਰਤਿਆ ਹੋਇਆ ਸੀ। ੧੯੩੦ ਵਾਲੀ "ਇੰਡੀਆਂ ਐਂਡ ਕਨੇਡਾ" ਅਖਬਾਰ ਦੇ ਸਰਵਰਕ ਉਤੇ "ਸੰਸਾਰ" ਵਾਲੀ ਤੁਕ ਕਾਇਮ ਹੈ੧੪। ***ਇਸ ਨਾਲ ਇਹ ਨੁਕਤਾ ਸਾਹਮਣੇ ਆ ਜਾਂਦਾ ਹੈ ਕਿ ਪ੍ਰਾਪਤ ਗ਼ਦਰ-ਸਾਹਿਤ ਵਿੱਚੋਂ ਪ੍ਰਗਟ ਹੁੰਦੇ ਸਿੱਖ ਪ੍ਰਸੰਗ ਨੂੰ ਸਾਹਮਣੇ ਤਾਂ ਕੀ ਲਿਆਉਣਾ ਸੀ, ਸਿੱਖ-ਪ੍ਰਸੰਗ ਨੂੰ ਸਾਹਮਣੇ ਆਉਣ ਤੋਂ ਵਿਉਂਤਬੱਧ ਤਰੀਕੇ ਨਾਲ ਰੋਕਿਆ ਗਿਆ ਹੈ***।

੪.੩ ਭਾਰਤ, ਸਦਾ ਤੋਂ ਹੀ ਬਹੁ-ਕੌਮੀਅਤ ਦੇਸ਼ ਸੀ ਅਤੇ ਅੱਜ ਵੀ ਹੈ।ਇਸ ਦੇ ਬਾਵਜੂਦ ਭਾਰਤ ਵਿੱਚ ਅੰਗ੍ਰੇਜ਼ਾਂ ਦਾ ਪੰਜਾਬ ਉਤੇ ਕਬਜ਼ਾ, ਹਿੰਦ-ਪੰਜਾਬ ਦੇ ਜੰਗ ਦਾ ਸਿੱਟਾ ਮੰਨਿਆ ਗਿਆ ਸੀ।ਸਾਫ ਹੈ ਕਿ ਪੰਜਾਬ ਉਤੇ ਕਬਜ਼ਾ (੧੮੪੯) ਕਰਣ ਵੇਲੇ ਤੱਕ ਭਾਰਤ ਦੇ ਹੁਕਮਰਾਨ ਅੰਗ੍ਰੇਜ਼ਾਂ ਨੂੰ ਮੰਨ ਲਿਆ ਗਿਆ ਸੀ।ਇਸ ਸਚਾਈ ਨੂੰ ਕਾਲੋਨੀਅਲ-ਤਾਕਤ ਕਦੇ ਨਹੀਂ ਭੁੱਲ ਸਕੀ ਸੀ ਕਿ ਸਿੱਖਾਂ ਨੇ ਭਾਈਚਾਰਕ-ਸੁਰ ਵਿੱਚ ਅੰਗ੍ਰੇਜ਼ਾਂ ਦੀ ਸਰਦਾਰੀ ਕਦੇ ਨਹੀਂ ਮੰਨੀ ਸੀ।ਇਸੇ ਦਾ ਸਿੱਟਾ ਸੀ ਕਿ ਅੰਗ੍ਰੇਜ਼ਾਂ ਤੇ ਸਿੱਖਾਂ ਦਾ ਰਿਸ਼ਤਾ,

ਹਾਕਮ ਅਤੇ ਮਹਿਕੂਮ ਦੇ ਨਾਲ ਨਾਲ ਦੋ ਕੌਮਾਂ ਵਿਚਕਾਰ ਸਿਆਸੀ-ਸ਼ਰੀਕੇਬਾਜੀ ਵਾਲਾ ਵੀ ਚੱਲਦਾ ਰਿਹਾ ਸੀ। ਅੰਗ੍ਰੇਜ਼ੀ ਹਕੂਮਤ ਲੱਗਦੀ ਵਾਹ ਸਿੱਖਾਂ ਦੇ ਬਗ਼ਾਵਤੀ-ਸੁਭਾ ਨਾਲ ਨਜਿੱਠਨ ਦੇ ਅਗਾਊਂ ਪ੍ਰਬੰਧ ਸਦਾ ਹੀ ਕਰਦੀ ਰਹਿੰਦੀ ਸੀ। ਏਸੇ ਦਾ ਸਿੱਟਾ ਸੀ ਕਿ ਬਦੇਸ਼ ਵਿੱਚ ਪੈਦਾ ਹੋਈ ਗ਼ਦਰ-ਲਹਿਰ ਨੂੰ ਦਬਾਉਣ ਲਈ, ਦੇਸ਼ ਦੀ ਆਜ਼ਾਦੀ ਦੀ ਲਹਿਰ ਨੂੰ ਦਬਾਉਣ ਨਾਲੋਂ ਵੀ ਵੱਧ ਜ਼ੋਰ ਲਾਇਆ ਜਾ ਰਿਹਾ ਸੀ।ਬਦੇਸ਼ਾਂ ਵਿੱਚ ਗ਼ਦਰੀਆਂ ਨਾਲ ਹੋ ਰਹੀਆਂ ਵਧੀਕੀਆਂ, ਕਾਲੋਨੀਅਲ-ਸ਼ਹਿ ਤੇ ਹੀ ਹੋ ਰਹੀਆਂ ਸਨ।ਸਿੱਖਾਂ ਨੂੰ ਸਿੱਖ-ਗ਼ਦਾਰਾਂ ਦੇ ਸਹਿਯੋਗ ਨਾਲ ਹਰਾਉਣ ਦੀਆਂ ਕੂਟਨੀਤਕ ਚਾਲਾਂ ਵੀ ਲਗਾਤਾਰ ਚੱਲੀਆਂ ਜਾ ਰਹੀਆਂ ਸਨ ਕਿਉਂਕਿ ਸਿਆਸੀ ਕਬਜ਼ੇ ਦੇ ਬਾਵਜੂਦ, ਅੰਗ੍ਰੇਜ਼ਾਂ ਨੂੰ ਇਹ ਫਿਕਰ ਲੱਗਾ ਰਹਿੰਦਾ ਸੀ ਕਿ ਮੌਕਾ ਮਿਲਣ ਤੇ ਸਿੱਖ, ਜ਼ਖਮੀ ਸ਼ੇਰਾਂ ਵਾਂਗ ਸਿਰ-ਵੱਢਵੀਂ ਲੜਾਈ ਵਿੱਢ ਸਕਦੇ ਹਨ।ਇਕ ਸਿੱਖ ਕਵੀ ਦਾ ਵਿਰਾਸਤੀ-ਭਰੋਸਾ,ਇਸ ਭਾਵਨਾ ਦੀ ਪੁਸ਼ਟੀ ਕਰ ਦੇਂਦਾ ਹੈ।ਕਵੀ ਮੁਤਾਬਿਕ ਸਿੱਖਾਂ ਵੱਲੋਂ ਅਣਹੋਣੀਆਂ ਕਰ ਗੁਜ਼ਰਨ ਦਾ ਸਾਹਸ, ਇਸ ਤਰ੍ਹਾਂ ਪ੍ਰਗਟ ਕੀਤਾ ਹੋਇਆ ਹੈ:

ਅਸੀਂ ਸੂਲੀਆਂ ਤੋਂ ਨਹੀਂ ਡਰਨ ਵਾਲੇ, ਹੱਸ ਹੱਸ ਕੇ ਖਲ ਲੁਹਾ ਦਿਆਂਗੇ।

ਹੋਵੇ ਮਿਹਰ ਦੀ ਨਜ਼ਰ ਬਸ ਇਕ ਤੇਰੀ, ਫਿਰ ਤੇ ਜ਼ਿਮੀਂ ਨੂੰ ਪਲਟ ਵਿਖਾ ਦਿਆਂਗੇ।

ਤੇਰੀ ਗੋਦ ਦੀ ਅਸਾਂ ਉਮੀਦ ਅੰਦਰ, ਜਗ੍ਹਾ ਪਾਣੀ ਦੇ ਖੂਨ ਵਹਾ ਦਿਆਂਗੇ।

ਜਿਚਰ ਤੀਕ ਹੈ ਜਿਸਮ ਵਿਚ ਜਾਨ ਸਾਡੇ, ਸਿਦਕ ਆਪਣਾ ਪੂਰਾ ਨਿਭਾ ਦਿਆਂਗੇ।

ਅਜੇ ਆਪਣੇ ਤੇ ਸਾਨੂੰ ਮਾਨ ਏਨਾਂ, ਅਸੀਂ ਅੱਗ ਅਸਮਾਨ ਨੂੰ ਲਾ ਦਿਆਂਗੇ੧੫।

***ਬਦੇਸ਼ੀ ਸਰਕਾਰਾਂ ਨੂੰ ਇਹ ਦੱਸਣ ਵਾਸਤੇ ਕਿ ਅੰਗ੍ਰੇਜ਼ਾਂ ਦੀ ਪਰਜਾ ਬਣਕੇ ਰਹਿਣ ਨਾਲੋਂ ਗੈਰ ਮੁਲਕਾਂ ਵਿੱਚ ਬਿਨਾ ਕਿਸੇ ਅਧਿਕਾਰ ਤੋਂ ਰਹਿਣ ਨੂੰ ਤਰੀਜਹ ਦੇਣ ਬਾਰੇ ਜੋ ਫੈਸਲੇ ਲਏ ਗਏ ਸਨ,ਉਹ ਪੰਜ ਗੁਰਮਤਿਆਂ ਦੇ ਰੂਪ ਵਿਚ ਸੰਭਾਲੇ ਹੋਏ ਪ੍ਰਾਪਤ ਹਨ੧੬***।ਇਸ ਨਾਲ ਇਹ ਸੱਚ ਸਥਾਪਤ ਹੋ ਜਾਂਦਾ ਹੈ ਕਿ ਗ਼ਦਰ-ਲਹਿਰ ਦਾ ਸਿੱਖ-ਪ੍ਰਸੰਗ ਸਾਹਮਣੇ ਆਉਣ ਤੋਂ ਨ ਕੇਵਲ ਰੋਕਿਆ ਗਿਆ ਸੀ/ਹੈ, ਸਗੋਂ ਹੋਰ ਹਰ ਤਰ੍ਹਾਂ ਦੇ ਪ੍ਰਸੰਗ ਸਥਾਪਨ ਵਾਸਤੇ ਸਿੱਖ-ਪ੍ਰਸੰਗ ਨੂੰ ਵਰਤਿਆ ਗਿਆ ਵੀ ਨਜ਼ਰ ਆ ਜਾਂਦਾ ਹੈ।੨੦ਵੀਂ ਸਦੀ ਦੇ ਆਰੰਭ ਤੱਕ ਅੰਗ੍ਰੇਜ਼ਾਂ ਵਿਰੁਧ ਜਾਂ ਭਾਰਤ ਨੂੰ ਆਜ਼ਾਦ ਕਰਵਾਉਣ ਵਾਸਤੇ ਦੋ ਤਰ੍ਹਾਂ ਦੀਆਂ ਯੁੱਧ-ਨੀਤੀਆਂ ਸਿਆਸੀ-ਅਮਲ ਵਿੱਚ ਪ੍ਰਗਟ ਹੁੰਦੀਆਂ ਰਹੀਆਂ ਸਨ। ਇਕ, ਸ਼ਾਂਤਮਈ ਯੁੱਧ-ਨੀਤੀ ਸੀ ਅਤੇ ਇਸ ਦੀ ਅਗਵਾਈ ਮੋਹਨ ਦਾਸ ਕਰਮ ਚੰਦ ਗਾਂਧੀ ਕਰ ਰਿਹਾ ਸੀ। ਦੂਜੀ, ਇਨਕਲਾਬੀ ਯੁੱਧਨੀਤੀ ਸੀ ਅਤੇ ਇਸ ਦੀ ਅਗਵਾਈ ਕਿਸੇ ਵੇਲੇ ਸੁਭਾਸ਼ ਚੰਦਰ ਬੋਸ ਅਤੇ ਭਗਤ ਸਿੰਘ ਵਰਗੇ ਕਰ ਰਹੇ ਸਨ ਅਤੇ ਪਿੱਛੋਂ ਏਸੇ ਨੂੰ ਜਾਂ ਏਸੇ ਦੀ ਨਿਰੰਤਰਤਾ ਵਿੱਚ ਸੰਗਠਤ ਤੌਰ ਤੇ ਰੂਸ ਤੋਂ ਪ੍ਰਭਾਵਿਤ ਕਮਿਊਨਿਸਟ ਕਰ ਰਹੇ ਸਨ। ਗ਼ਦਰ-ਲਹਿਰ ਉਤੇ ਗਾਂਧੀਵਾਦੀਆਂ ਦਾ ਕਦੇ ਵੀ ਕੋਈ ਪ੍ਰਭਾਵ ਨਹੀਂ ਸੀ।ਅੱਜ ਵੀ ਸਿੱਖਾਂ ਉਤੇ ਗਾਂਧੀਵਾਦ ਦਾ ਕੋਈ ਸਿੱਧਾ ਅਤੇ ਸਪਸ਼ਟ ਪ੍ਰਭਾਵ ਨਹੀਂ ਹੈ। ਇਸ ਦੇ ਨਾਲ ਹੀ ਇਹ ਵੀ ਸਥਾਪਤ ਸਚਾਈ ਹੈ ਕਿ ਲਾਲਾ ਹਰਦਿਆਲ, ਵੀਰ ਸਵਾਰਕਰ ਅਤੇ ਲਾਲਾ ਲਾਜਪਤ ਰਾਏ ਦਾ ਸਹਿਯੋਗੀ-ਪ੍ਰਭਾਵ ਤਾਂ ਗ਼ਦਰ-ਲਹਿਰ ਤੇ ਮੰਨਿਆ ਜਾ ਸਕਦਾ ਹੈ, ਪਰ ਕੋਈ ਪੱਕਾ ਸਿਧਾਂਤਕ ਜਾਂ ਸਿਆਸੀ ਪ੍ਰਭਾਵ, ਪ੍ਰਾਪਤ ਗ਼ਦਰ-ਸਾਹਿਤ ਵਿੱਚੋਂ ਨਜ਼ਰ ਨਹੀਂ ਆਉਂਦਾ।ਇਸ ਕਰਕੇ ਇਨ੍ਹਾਂ ਦੋਹਾਂ ਧਿਰਾਂ ਵਿੱਚੋਂ ਕਿਸੇ ਨੂੰ ਵੀ ਗ਼ਦਰ-ਲਹਿਰ ਦੇ ਪ੍ਰਸੰਗ-ਵਿਗਾੜ ਲਈ ਸਿੱਧੇ ਤੌਰ ਤੇ ਜ਼ੁੰਮੇਵਾਰ ਨਹੀਂ ਸਮਝਿਆ ਜਾ ਸਕਦਾ।ਇਸ ਹਾਲਤ ਵਿੱਚ ਪ੍ਰਸੰਗ-ਵਿਗਾੜ ਕਿਉਂਕਿ ਹੋਇਆ ਹੈ, ਇਸ ਦੀ ਜ਼ੁੰਮੇਵਾਰੀ ਕਮਿਊਨਿਸਟ-ਇਨਕਲਾਬੀਆਂ ਤੇ ਆ ਜਾਂਦੀ ਹੈ।ਪ੍ਰਾਪਤ ਗ਼ਦਰ-ਸਾਹਿਤ ਨੂੰ ਪੁਸਤਕ ਰੂਪ ਦੇਣ ਲੱਗਿਆਂ,ਪੰਜਾਬ ਦੇ ਅਗਾਂਹਵਧੂਆਂ ਵੱਲੋਂ ਪ੍ਰਸੰਗ-ਵਿਗਾੜ ਦਾ ਇਹੀ ਪ੍ਰਭਾਵ ਸਾਹਮਣੇ ਲਿਆਂਦਾ ਜਾਂਦਾ ਰਿਹਾ ਹੈ।ਅਜਿਹਾ ਕਰਦਿਆਂ ਕਿਹਾ ਇਹੀ ਜਾਂਦਾ ਰਿਹਾ ਹੈ ਕਿ ਗ਼ਦਰ-ਪਾਰਟੀ ਦਾ ਮਾਰਕਸੀ-ਪਰਿਵਰਤਣ ਹੋ ਗਿਆ ਸੀ।ਇਸ ਵੱਲ ਇਸ਼ਾਰਾ ਤਾਂ ਪਹਿਲਾਂ ਵੀ ਆ ਗਿਆ ਹੈ, ਪਰ ਇਸ ਨੂੰ ਵਿਸਥਾਰ ਵਿੱਚ ਵੀਚਾਰੇ ਬਿਨਾਂ ਗ਼ਦਰ-ਲਹਿਰ ਦਾ ਪ੍ਰਸੰਗ ਸਥਾਪਨ ਨਹੀਂ ਕੀਤਾ ਜਾ ਸਕਦਾ।

੫.੧ ਲਹਿਰ ਦੇ ਸਿੱਖ-ਪ੍ਰਸੰਗ ਨੂੰ ਸਮਝਣ ਲਈ ਲਹਿਰ ਵਿੱਚ ਹਿੱਸਾ ਲੈਣ ਵਾਲਿਆਂ ਦੇ ਹੁੰਗਾਰੇ ਨੂੰ ਸਮਝੇ ਜਾਣ ਦੀ ਲੋੜ ਹੈ।ਇਹ ਗ਼ਦਰੀਆਂ ਦੀ ਯੁੱਧ ਨੀਤੀ ਦਾ ਹਿੱਸਾ ਸੀ ਕਿ ਜਿਥੋਂ ਵੀ ਮਦਦ ਮਿਲ ਸਕਦੀ ਸੀ, ਉਸ ਨੂੰ ਹੁੰਗਾਰਾ ਭਰਿਆ ਜਾਵੇ ਅਤੇ ਮਿਸ਼ਨ ਦੀ ਸਫਲਤਾ ਵਲ ਵਧਿਆ ਜਾਵੇ।ਜਿਸ ਨੁਕਤੇ ਤੇ ਮਦਦ, ਲਹਿਰ ਦੇ ਹੱਕ ਵਿੱਚ ਨਹੀਂ ਭੁਗਤ ਸਕਦੀ ਸੀ, ਉਥੇ ਹੀ ਹੁੰਗਾਰਾ ਬੰਦ ਵੀ ਹੁੰਦਾ ਰਿਹਾ ਸੀ।ਅੱਜ ਵੀ ਗ਼ਦਰੀਆਂ ਦੇ ਪ੍ਰਸੰਗ ਵਿੱਚ ਸਿੱਖ-ਭਾਈਚਾਰੇ ਦਾ ਹੁੰਗਾਰਾ ਪਹਿਲਾਂ ਵਾਂਗ ਦੋ ਤਰ੍ਹਾਂ ਦੇ ਲੋਕਾਂ ਵਲੋਂ ਹੀ ਦਿੱਤਾ ਜਾ ਰਿਹਾ ਹੈ।ਨੰਬਰ ਇਕ ਹੁੰਗਾਰਾ, ਅੱਜ ਵੀ ਅਗਾਂਹਵਧੂਆਂ ਵਲੋਂ ਹੀ ਮਿਲ ਰਿਹਾ ਹੈ ਕਿਉਂਕਿ ਇਸ ਤਰ੍ਹਾਂ ਮਾਰਕਸਵਾਦ ਅਤੇ ਸਿੱਖ

ਧਰਮ ਵਿੱਚ ਸਮਾਨਤਾਵਾਂ ਦੀ ਨਿਸ਼ਾਨਦੇਹੀ ਵੱਲ ਤੁਰਿਆ ਜਾ ਸਕਦਾ ਹੈ।ਮਿਸਾਲ ਦੇ ਤੌਰ ਤੇ ਇਕ ਕਿਤਾਬਚਾ ਛਪਿਆ ਹੈ-"ਰੂਸ ਦੇ ਗ਼ਦਰੀ ਦਸੰਬਰੀਏ"੧੭।ਇਸ ਵਿੱਚ ਲਿਖਿਆ ਹੋਇਆ ਹੈ ਕਿ-"ਪੰਜਾਬ ਦੇ ਗ਼ਦਰੀਆਂ ਅਤੇ ਰੂਸ ਦੇ ਦਸੰਬਰੀਆਂ ਦੀਆਂ ਬਗ਼ਾਵਤਾਂ ਵਿੱਚ ੯੦ ਸਾਲ ਦਾ ਫਰਕ ਹੈ।...ਦਸੰਬਰੀਆਂ ਦੇ ਵਿਦਰੋਹ ਸਮੇਂ ਪੰਜ ਚੋਟੀ ਦੇ ਆਗੂਆਂ ਨੂੰ ਫਾਂਸੀ ਦਿੱਤੀ ਗਈ ਸੀ ਤੇ ਸੱਤ ਸਾਡੇ ਗ਼ਦਰੀ ਬਾਬਿਆਂ ਨੂੰ।...ਜੇ ਦਸੰਬਰੀਆਂ ਦੀ ਅਥਾਹ ਕੁਰਬਾਨੀ ਨੇ ਰੂਸ ਦੇ ਉਨੀਵੀਂ ਸਦੀ ਦੇ ਆਉਣ ਵਾਲੇ ਇਨਕਲਾਬਾਂ ਨੂੰ ਉਤਸ਼ਾਹ ਤੇ ਪ੍ਰੇਰਨਾ ਦਿੱਤੀ ਸੀ ਤਾਂ ਪੰਜਾਬ ਦੇ ਗ਼ਦਰੀ ਬਾਬਿਆਂ ਨੇ ਵੀਹਵੀਂ ਸਦੀ ਵਿੱਚ ਪੰਜਾਬੀ ਤੇ ਭਾਰਤੀ ਲੋਕਾਂ ਨੂੰ ਅੰਗਰੇਜ਼ੀ ਰਾਜ ਦੇ ਵਿਰੁਧ ਲੜਣ ਲਈ ਪ੍ਰੇਰਤ ਤੇ ਉਤਸ਼ਾਹਤ ਕੀਤਾ ਸੀ"। ਦੂਜਾ ਹੁੰਗਾਰਾ, ਸਿੱਖ-ਵਾਰਸਾਂ ਵਲੋਂ ਹੈ ਅਤੇ ਇਸ ਦਾ ਸ਼ਾਹਦ ਸਟਾਕਟਨ-ਸੈਮੀਨਾਰ ਨੂੰ ਮੰਨਿਆ ਜਾ ਸਕਦਾ ਹੈ।

ਜਦੋਂ ਗ਼ਦਰ-ਲਹਿਰ, ਗ਼ਦਰ-ਪਾਰਟੀ ਵਿੱਚ ਤਬਦੀਲ ਹੋ ਗਈ ਸੀ ਤਾਂ ਸਿੱਖ-ਹੁੰਗਾਰਾ ਵੀ, ਇਕਲਾਬੀ-ਨਾਹਰੇ ਵਿੱਚ ਗੁੰਮ ਹੋ ਗਿਆ ਸੀ। ਇਹ ਕਿਸੇ ਵਾਸਤੇ "ਅਪਹਰਣ" (hijack) ਹੋ ਸਕਦਾ ਹੈ ਅਤੇ ਕਿਸੇ ਵਾਸਤੇ "ਪਰਿਵਰਤਣ" (transfermation) ਹੋ ਸਕਦਾ ਹੈ। ਅੱਜ ਜੋ "ਅਪਹਰਣ" ਲੱਗਦਾ ਹੈ, ਉਸ ਵੇਲੇ ਉਹੀ "ਪਰਿਵਰਤਣ" ਲੱਗ ਸਕਦਾ ਸੀ।ਇਸ ਦਾ ਵੱਡਾ ਕਾਰਣ ਇਹ ਸੀ ਕਿ ਉਸ ਵੇਲੇ ਦੀ ਲੀਡਰਸ਼ਿਪ ਵਿਚਕਾਰ ਸਭਿਆਚਾਰਕ-ਸਾਂਝ ਕਾਇਮ ਹੋਣ ਕਰਕੇ ਇਤਬਾਰ ਕਰਣਾ ਸੌਖਾ ਸੀ।ਇਸ ਸਭਿਆਚਾਰਕ-ਸਾਂਝ ਦਾ "ਪੰਜਾਬੀਅਤ" ਦੀ ਆੜ ਵਿੱਚ ਪ੍ਰਸੰਗ-ਵਿਗਾੜ ਵੀ ਹੁੰਦਾ ਰਿਹਾ ਹੈ।ਮੁੱਦੇ ਦੀ ਸਾਂਝ, ਉਸ ਵੇਲੇ ਦੂਜਾ ਕਾਰਣ ਸੀ।ਏਸੇ ਕਰਕੇ ਬਾਬਾ ਸੋਹਨ ਸਿੰਘ ਭਕਨਾ ਅਤੇ ਉਨ੍ਹਾਂ ਦੇ ਸਾਥੀ, ਆਖਰੀ ਸਮੇਂ ਤੱਕ ਇਨਕਲਾਬੀ ਕੈਂਪ ਵਿੱਚ ਹੀ ਰਹੇ ਸਨ। ਇਸ ਦੇ ਨਾਲ ਨਾਲ ਉਹ ਸਿੱਖੀ-ਸਿਦਕ ਕੇਸਾਂ-ਸੁਆਸਾਂ ਨਾਲ ਨਿਭਾਉਂਦੇ ਵੀ ਰਹੇ ਸਨ।ਜਿੰਨਾਂ ਚਿਰ ਨਤੀਜਿਆਂ ਦੀ ਪ੍ਰਸੰਗਕਤਾ ਵਿੱਚ ਫਰਕ ਜਾਂ ਵਿਗਾੜ ਨਹੀਂ ਆਇਆ, ਉਨਾਂ ਚਿਰ "ਅਪਹਰਣ" ਅਤੇ "ਪਰਿਵਰਤਣ" ਦੀਆਂ ਕੋਟੀਆਂ ਦੀ ਵੀ ਲੋੜ ਨਹੀਂ ਪਈ ਸੀ।ਇਸ ਪਾਸੇ ਧਿਆਨ ਜਗਜੀਤ ਸਿੰਘ ਨੇ ਇਹ ਕਹਿਕੇ ਦੁਆਇਆ ਸੀ ਕਿ "ਬੰਗਾਲੀ ਰਾਜ ਪਲਟਾਊਆਂ, ਗ਼ਦਰੀ ਇਨਕਲਾਬੀਆਂ ਜਾਂ ਹਿੰਦ ਦੇ ਕਿਸੇ ਵੀ ਹੋਰ ਇਨਕਲਾਬੀ ਦਲ ਦੇ ਸਾਹਮਣੇ ਉਸ ਜ਼ਮਾਨੇ ਵਿੱਚ ਕਮਿਊਨਿਸਟ ਵੀਚਾਰਧਾਰਾ ਨਹੀਂ ਸੀ"੧੮।ਨਤੀਜੇ ਤੇ ਪਹੁੰਚਣ ਲਈ ਜਗਜੀਤ ਸਿੰਘ ਨੇ ਬਹੁਤੀ ਵਰਤੋਂ ਉਨ੍ਹਾਂ ਸਰਕਾਰੀ ਅਤੇ ਖੁਫੀਆਂ ਰੀਪੋਰਟਾਂ ਦੀ ਕੀਤੀ ਹੈ, ਜਿਹੜੀਆਂ ਸਰਕਾਰ ਦੇ ਵਿਰੋਧੀਆਂ ਬਾਰੇ ਭੇਜੀਆਂ ਜਾਂਦੀਆਂ ਸਨ।ਮਿਸਾਲ ਦੇ ਤੌਰ ਤੇ ੨੮ ਫਰਵਰੀ ੧੯੧੫ ਨੂੰ ਭੇਜੀ ਗਈ ਰੀਪੋਰਟ ਵਿੱਚ ਲਿਖਿਆ ਗਿਆ ਸੀ-"ਜੋ ਸਾਜ਼ਸ਼ੀ ਫੜੇ ਗਏ ਹਨ, ਉਹ ਬਹੁਤੇ ਅਨਾੜੀ ਸਿੱਖ ਕਿਸਾਨ ਹਨ,ਜਿਨ੍ਹਾਂ ਨੇ ਅਮਰੀਕਾ ਵਿੱਚ ਬਰਾਬਰੀ ਅਤੇ ਜਮਹੂਰੀਅਤ ਦੇ ਅਸੂਲਾਂ ਨੂੰ ਬੇਢਬੀ ਹਾਲਤ ਵਿੱਚ ਗ੍ਰਹਿਣ ਕਰ ਲਿਆ ਹੈ"੧੯। ਜਗਜੀਤ ਸਿੰਘ ਨੇ ਇਕ ਬਦੇਸ਼ ਬੈਠੇ ਪਤੀ ਵਲੋਂ ਆਪਣੀ ਪਤਨੀ ਨੂੰ ਲਿਖੀ ਅਤੇ ਸੀ. ਆਈ. ਡੀ. ਦੇ ਹੱਥ ਲੱਗੀ ਚਿੱਠੀ ਦਾ ਹਵਾਲਾ ਵੀ ਦਿੱਤਾ ਹੋਇਆ ਹੈ-"...ਥੋੜੀ ਦੇਰ ਨੂੰ ਇਕ ਵਡਾ ਗ਼ਦਰ ਹੋਵੇਗਾ...ਸਾਡੇ ਹੱਥ ਵਿੱਚ ਤਲਵਾਰ ਅਤੇ ਬੰਦੂਕ ਹੋਵੇਗੀ...ਅਤੇ ਅੱਗੇ ਵਧਦੇ ਹੋਏ ਅਸੀਂ ਮਰਾਂਗੇ ਅਤੇ ਮਾਰਾਂਗੇ।ਅਸੀਂ (ਗੁਰੂ) ਗੋਬਿੰਦ ਸਿੰਘ ਦੇ ਸਪੁੱਤ੍ਰ ਹਾਂ।ਜੇ ਜਿਊਂਦੇ ਰਹੇ ਤਾਂ ਮਿਲਾਂਗੇ"੨੦।ਅਜਿਹਾ ਪ੍ਰਭਾਵ ਵੀ ਹੈ ਕਿ ਜਗਜੀਤ ਸਿੰਘ ਦੀ ਇਸ ਪਹੁੰਚ ਨੂੰ ਠੀਕ ਕਰਣ ਦੇ ਮੰਤਵ ਨਾਲ ਇਕ ਪੁਸਤਕ ਗੁਰਚਰਨ ਸਿੰਘ ਸਹਿੰਸਰਾ੨੧ ਤੋਂ, ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਦੇ ਪ੍ਰਬੰਧਕਾਂ ਵਲੋਂ ਲਿਖਵਾਈ ਗਈ ਸੀ।

੫.੨ ਗ਼ਦਰ-ਲਹਿਰ ਦੇ ਪ੍ਰਸੰਗ-ਵਿਗਾੜ ਵਿੱਚ ਪਹਿਲ ਬੇਸ਼ੱਕ ਕਮਿਊਨਿਸਟਾਂ ਅਰਥਾਤ ਮਾਰਕਸੀ-ਸਿਆਸਤਦਾਨਾਂ ਵਲੋਂ ਸਿਆਸਤ ਅਧੀਨ ਹੀ ਹੋਈ ਸੀ, ਪਰ ਇਸ ਨੂੰ ਅਕਾਦਮਿਕ ਮਾਨਤਾ, ੧੯੪੭ ਤੋਂ ਪਿੱਛੋਂ ਵਿਦਿਅਕ ਖੇਤਰ ਵਿੱਚ ਪੈਦਾ ਹੋ ਗਏ ਪੰਜਾਬ ਦੇ ਅਗਾਂਹਵਧੂ ਬੁੱਧੀਜੀਵੀਆਂ ਵਲੋਂ ਦਿੱਤੀ ਗਈ ਸੀ।ਕਹਿਣ ਦਾ ਭਾਵ ਇਹ ਹੈ ਕਿ ਭਾਰਤ ਦੀ ਆਜ਼ਾਦੀ (੧੯੪੭) ਤੋਂ ਬਾਅਦ ਪੰਜਾਬ ਦੇ ਅਕਾਦਮਿਕ ਅਦਾਰਿਆਂ ਤੇ ਖੱਬੇਪੱਖੀਆਂ ਦਾ ਕਬਜ਼ਾ ਹੋ ਗਿਆ ਸੀ ਅਤੇ ਪੰਜਾਬ ਦੀ ਅਕਾਦਮਿਕਤਾ ਤਕਰੀਬਨ ਅਗਾਂਹਵਧੂ ਰੰਗ ਵਿੱਚ ਰੰਗੀ ਗਈ ਸੀ।ਇਸ ਮਾਰਕਸੀ-ਪ੍ਰਭਾਵ ਵਾਸਤੇ ਸਪੇਸ ਪੈਦਾ ਹੋ ਜਾਣ ਦੇ ਅਵਸਰ, ਸਿੱਖ-ਭਾਈਚਾਰੇ (ਇਸ ਵਿੱਚ ਸਿੱਖ ਸਿਆਸਤਦਾਨ ਅਤੇ ਸਿੱਖ ਸੰਸਥਾਵਾਂ ਸ਼ਾਮਲ ਸਨ) ਵਲੋਂ ਇਸ ਕਰਕੇ ਪੈਦਾ ਹੋਣ ਦਿੱਤੇ ਗਏ ਸਨ ਕਿਉਂਕਿ ਉਨ੍ਹਾਂ ਦੇ ਏਜੰਡੇ ਤੇ "ਵਿਦਿਆ" ਅਰਥਾਤ ਪੰਜਾਬ ਦੇ ਵਿਦਿਅਕ ਅਦਾਰੇ ਹੈ ਹੀ ਨਹੀਂ ਸਨ।ਇਥੋਂ ਤੱਕ ਕਿ ਭਾਈ ਵੀਰ ਸਿੰਘ ਅਤੇ ਪ੍ਰੋ. ਪੂਰਨ ਸਿੰਘ ਵਰਗੇ ਸਿੱਖ ਚਿੰਤਕ ਵੀ ਇਕੱਲੇ ਇਕੱਲੇ ਹੀ ਸਿੱਖ-ਅਕਾਦਮਿਕਤਾ ਲਈ ਜੂਝਦੇ ਰਹੇ ਸਨ।ਇਸ ਦੇ ਵਿਸਥਾਰ ਵਿੱਚ ਜਾਏ ਬਿਨਾਂ ਕਿਹਾ ਇਹ ਜਾ ਰਿਹਾ ਹੈ ਕਿ ਪੰਜਾਬ ਦੀਆਂ ਅਕਾਦਮਿਕ ਸੰਸਥਾਵਾਂ ਵਿੱਚ ਜੋ ਖੋਜਕਾਰ, ਖੋਜ ਕਰ ਰਹੇ ਸਨ ਅਤੇ ਜੋ ਨਿਰਦੇਸ਼ਕ ਖੋਜ ਕਰਵਾ ਰਹੇ ਸਨ, ਉਨ੍ਹਾਂ ਨੂੰ ਸਮਝਣ ਲਈ ਡਾ. ਹਰੀਸ਼. ਕੇ. ਪੁਰੀ ਵਲੋਂ ਪੀ-ਐਚ.ਡੀ ਵਾਸਤੇ "ਗ਼ਦਰ ਲਹਿਰ" ਬਾਰੇ ਲਿਖੇ ਖੋਜ ਨਿਬੰਧ ਦੀ ਮਿਸਾਲ ਲਈ ਜਾ ਸਕਦੀ ਹੈ੨੨।ਸਭ ਤੋਂ ਪਹਿਲਾ ਨੁਕਤਾ ਤਾਂ ਇਹ ਹੈ ਕਿ ਮਨਭਾਉਂਦੇ-ਨਤੀਜਿਆਂ ਤੇ ਪਹੁੰਚਣ ਵਾਸਤੇ ਡਾ. ਪੁਰੀ ਨੇ ਉਹ ਹਵਾਲੇ ਲਏ ਹਨ, ਜਿਹੜੇ ਗ਼ਦਰ-ਲਹਿਰ ਦੇ ਸਿੱਖ-ਪ੍ਰਸੰਗ ਨੂੰ ਕਮਜ਼ੋਰ ਵੀ ਕਰਦੇ ਹਨ ਅਤੇ ਖੋਰਾ ਵੀ ਲਾਉਂਦੇ ਹਨ।ਮਿਸਾਲ ਦੇ ਤੌਰ ਤੇ ਡਾ. ਪੁਰੀ, ਸਿੱਖ-ਸਿਆਸਤ ਦੀਆਂ ਪੈੜਾਂ, ਅੰਗ੍ਰੇਜ਼ਾਂ ਵਲੋਂ ਮਿਲਟਰੀ ਵਿੱਚ ਸਿੱਖਾਂ ਨੂੰ ਸਿੱਖ-ਸਰੂਪ ਵਿੱਚ ਪੱਕੇ

ਰਹਿਣ ਵਾਸਤੇ ਦਿੱਤੇ ਹੋਏ ਮੌਕਿਆਂ ਵਿੱਚੋਂ ਲੱਭਦਾ ਹੈ ਅਤੇ ਨਤੀਜਾ ਇਹ ਕੱਢਦਾ ਹੈ ਕਿ ਇਨ੍ਹਾਂ ਫੌਜੀਆਂ ਦਾ ਸਿੱਖ-ਭਾਈਚਾਰੇ ਤੇ ਬਹੁਤ ਪ੍ਰਭਾਵ ਸੀ। ਇਸ ਪ੍ਰਭਾਵ ਕਰਕੇ ਪਿੰਡਾਂ ਵਿੱਚ ਰਹਿੰਦੇ ਜੱਟ-ਸਿੱਖ, ਫੌਜੀਆਂ ਵਾਂਗ ਨੈਸ਼ਨਲਿਸਟ ਹੋ ਗਏ ਸਨ। ਇਸ ਨਾਲ ਇਹ ਸਥਾਪਤ ਕਰਣ ਦੀ ਮਨਸ਼ਾ ਸਾਹਮਣੇ ਆ ਜਾਂਦੀ ਹੈ ਕਿ ਪੇਂਡੂ ਜੱਟ-ਸਿੱਖਾਂ ਅਤੇ ਸਿੰਘ-ਸਭਾ ਉਤੇ ਜੁਝਾਰੂ-ਕੱਟੜਾਂ ਅਰਥਾਤ ਗ਼ਦਰੀਆਂ ਦਾ ਕੋਈ ਪ੍ਰਭਾਵ ਨਹੀਂ ਸੀ੨੩। ਹਾਲਾਂਕਿ ਇਹ ਸੱਚ ਸਥਾਪਤ ਹੋ ਚੁੱਕਾ ਹੈ ਕਿ ਆਰਥਿਕ ਮੰਦਵਾੜੇ ਦੇ ਸ਼ਿਕਾਰ ਪੰਜਾਬ ਦੇ ਜੱਟ-ਸਿੱਖ, ਰੋਜ਼ੀ-ਰੋਟੀ ਦੀ ਭਾਲ ਵਿੱਚ ਬਦੇਸ਼ਾਂ ਵਿੱਚ ਗਏ ਸਨ ਅਤੇ ਇਨ੍ਹਾਂ ਵਿੱਚੋਂ ਬਹੁਤੇ ਗ਼ਦਰ-ਲਹਿਰ ਵਿੱਚ ਸ਼ਾਮਲ ਹੋ ਗਏ ਸਨ। ਜੇ ਡਾ. ਪੁਰੀ ਵਰਗੇ ਖੋਜਕਾਰ ਸਿੱਖਾਂ ਨੂੰ ਸਥਾਪਤ ਕੌਮੀਅਤ ਦੇ ਪ੍ਰਸੰਗ ਵਿੱਚੋਂ ਕੱਢਕੇ, ਟੁਕੜਿਆਂ ਦੇ ਸਮੂਹ ਵਜੋਂ ਵੇਖਣਗੇ ਤਾਂ ਸਿੱਖਾਂ ਦੇ ਪ੍ਰਸੰਗ-ਵਿਗਾੜ ਦੀਆਂ ਸੰਭਾਵਨਾਵਾਂ ਹੀ ਪੈਦਾ ਕਰ ਰਹੇ ਹੋਣਗੇ। ਡਾ. ਪੁਰੀ ਨੇ ਬਿਨਾਂ ਲੋੜ ਤੋਂ ਖੋਜ-ਨਿਬੰਧ ਵਿੱਚ ਖੁਸ਼ਵੰਤ ਸਿੰਘ ਦੀਆਂ ਸਿੱਖਾਂ ਬਾਰੇ ਲਤੀਫਾਨੁਮਾ-ਟਿਪਣੀਆਂ ਦੀ ਵਰਤੋਂ ਕਰਕੇ "ਹਿੰਦੂ ਸਿਆਣਿਆਂ" ਅਤੇ "ਸਿੱਖ-ਕਾਮਿਆਂ" ਦੀਆਂ ਕੋਟੀਆਂ ਸਿਰਜ ਲਈਆਂ ਹਨ। ਸਰਕਾਰੀ-ਜਥੇਦਾਰ ਅਰੂੜ ਸਿੰਘ ਵਲੋਂ ਅੰਗ੍ਰੇਜ਼ ਹਾਕਮ ਨੂੰ ਦਿੱਤੇ ਸਨਮਾਨ-ਪੱਤਰ ਅਤੇ ਗ਼ਦਰੀਆਂ ਵਿਰੁਧ ਜਾਰੀ ਕੀਤੇ ਹੁਕਮਨਾਮੇ ਦੀ ਵਿਆਖਿਆ, ਬਿਨਾਂ ਹਵਾਲਾ ਦਿੱਤਿਆਂ, ਡਾ. ਪੁਰੀ ਨੇ ਇਹ ਕਰ ਦਿੱਤੀ ਹੈ ਕਿ ਇਸ ਸਵਾਲ ਦਾ ਜਵਾਬ ਨਹੀਂ ਮਿਲਿਆ ਕਿ ਗ਼ਦਰੀ, ਪੰਜਾਬ ਵਿਚਲੇ ਸਿੱਖਾਂ ਨਾਲੋਂ ਕਿਵੇਂ ਵੱਖਰੇ ਸਨ ਅਤੇ ਗ਼ਦਰੀਆਂ ਵਿਰੁਧ ਪੰਜਾਬੀਆਂ ਨੇ ਗ਼ਦਰ-ਦਮਨ ਅੰਗ੍ਰੇਜ਼ੀ ਸਰਕਾਰ ਦੀ ਮਦਦ ਕਿਉਂ ਕੀਤੀ੨੪? ਗ਼ਦਰ-ਲਹਿਰ ਦੇ ਪਿਛੋਕੜ ਬਾਰੇ ਗੱਲ ਕਰਦਿਆਂ ਡਾ. ਪੁਰੀ ਨੇ ਸਰਕਾਰੀ ਰੀਪੋਰਟ ਦੇ ਹਵਾਲੇ ਨਾਲ ਇਹ ਤਾਂ ਦੱਸ ਦਿੱਤਾ ਹੈ ਕਿ ਕਨੇਡਾ ਵਿੱਚ ਨਵੇਂ ਆਏ ਹਿੰਦੀਆਂ ਵਿਚੋਂ "ਹਿੰਦੂ ਘਰਾਂ" ਵਿੱਚ ਠਹਿਰਣ ਵਾਲਿਆਂ ਤੇ ਕਦੇ ਕੋਈ "ਪਬਲਿਕ-ਚਾਰਜ" ਨਹੀਂ ਲੱਗਿਆ ਸੀ। ਪਰ ਇਹ ਨਹੀਂ ਦੱਸਿਆ ਕਿ ਇਹੋ ਜਿਹੇ ਲੋਕਾਂ ਅੰਦਰ ਅੰਗ੍ਰੇਜ਼ਾਂ ਦੀਆਂ ਵਧੀਕੀਆਂ (agressive colonialism) ਵਿਰੁਧ ਰੋਸ ਕਿਉਂ ਨਹੀਂ ਸੀ ਅਤੇ ਕਥਿਤ ਪਬਲਿਕ-ਚਾਰਜ ਗ਼ਦਰ-ਲਹਿਰ ਦਾ ਹਿੱਸਾ ਕਿਵੇਂ ਸਨ? ਇਨ੍ਹਾਂ ਹਵਾਲਿਆਂ ਦਾ ਪ੍ਰਸੰਗ ਸਥਾਪਨ ਗ਼ਦਰੀਆਂ ਦੇ ਮੂੰਹ ਚੜ੍ਹੀ ਇਸ ਕਾਵਿ ਟੂਕ ਨਾਲ ਹੋ ਸਕਦਾ ਸੀ, ਜੋ ਨਹੀਂ ਕੀਤਾ ਗਿਆ:

ਸੇਵਾ ਦੇਸ਼ ਦੀ ਜਿੰਦੜੀਏ ਖਰੀ ਔਖੀ, ਗੱਲਾਂ ਕਰਣੀਆਂ ਢੇਰ ਸੁਖੱਲੀਆਂ ਨੇ।

ਜਿਨ੍ਹਾਂ ਦੇਸ਼ ਸੇਵਾ ਵਿੱਚ ਪੈਰ ਪਾਇਆ, ਉਹਨਾਂ ਲੱਖ ਮੁਸੀਬਤਾਂ ਝੱਲੀਆਂ ਨੇ੨੫।

੫.੩ ਅਕਾਦਮਿਕਤਾ ਦਾ ਇਹ ਸਥਾਪਤ ਸੱਚ ਹੈ ਕਿ ਜਿਹੋ ਜਿਹੇ ਹਵਾਲੇ ਵਰਤੇ ਜਾਣਗੇ, ਉਹੋ ਜਿਹੇ ਨਤੀਜੇ ਨਿਕਲ ਆਉਣਗੇ। ਡਾ. ਪੁਰੀ ਨੇ ਸੀ.ਆਈ.ਡੀ ਰੀਪੋਰਟ ੧੯੧੦ ਦੇ ਹਵਾਲੇ ਨਾਲ, ਇਹ ਤੱਥ ਸਾਹਮਣੇ ਲਿਆਂਦਾ ਹੈ ਕਿ ਸਿਆਸੀ ਪਰਚਾਰ ਨਾਲ ਅਤੇ ਸਿੱਖ-ਭਾਈਚਾਰੇ ਨਾਲ ਜੁੜੇ ਹੋਏ ਮਸਲਿਆਂ ਬਾਰੇ ਜਦੋਜਹਿਦ ਕਰਦਿਆਂ, ਇਹੋ ਜਿਹੇ ਲੀਡਰ ਇਕੱਲੇ ਰਹਿ ਗਏ ਸਨ, ਜਿਹੜੇ ਸਿੱਖੀ-ਸੁੱਚਮ ਦੀ ਗੱਲ ਕਰਦੇ ਸਨ। ਇਸ ਨਾਲ ਨਤੀਜਾ ਇਹ ਕੱਢ ਲਿਆ ਹੈ ਕਿ ਇਹੋ ਜਿਹੇ ਫਿਰਕੂ-ਸਿੱਖਾਂ ਕਰਕੇ ਮੋਨਿਆਂ-ਸਿੱਖਾਂ ਅਤੇ ਕੇਸਾਧਾਰੀ-ਸਿੱਖਾਂ ਵਿੱਚ ਫਰਕ ਪੈ ਗਿਆ ਸੀ੨੬। ਜਿਵੇਂ ਕਿ ਜਗਜੀਤ ਸਿੰਘ ਦੇ ਹਵਾਲੇ ਨਾਲ ਪਰਚੇ ਦੇ ਮੁੱਢ ਵਿੱਚ ਇਸ਼ਾਰਾ ਕਰ ਦਿੱਤਾ ਗਿਆ ਹੈ ਕਿ ਗ਼ਦਰ-ਲਹਿਰ ਅਤੇ ਗ਼ਦਰ-ਪਾਰਟੀ ਇੱਕ ਨਹੀਂ ਹਨ। ਪਰ ਡਾ. ਪੁਰੀ ਨੇ ਆਪਣੀ ਪੁਸਤਕ ਵਿੱਚ ਇਹ ਨਿਖੇੜਾ ਨ ਹੀ ਕੀਤਾ ਹੈ ਅਤੇ ਨ ਹੀ ਮੰਨਿਆ ਹੈ। ਏਸੇ ਕਰਕੇ ਉਹ ੧੯੩੨ ਵਿੱਚ "ਖਾਲਸਾ ਦੀਵਾਨ ਸੁਸਾਇਟੀ" ਦੇ ਕਬਜ਼ੇ ਨੂੰ ਲੈਕੇ ਗੱਲ ਕਰਦਾ ਹੋਇਆ, "ਸੁਸਾਇਟੀ" ਨੂੰ "ਪਾਰਟੀ ਹੈਡਕਵਾਰਟਰਜ਼" ਪਰਵਾਨ ਕਰ ਲੈਂਦਾ ਹੈ। ਇਹ ਬੇਸ਼ੱਕ ਉਸ ਨੇ ਹੋਰਨਾਂ ਦੇ ਹਵਾਲੇ ਨਾਲ ਲਿਖਿਆ ਹੈ, ਪਰ ਇਸ ਨਾਲ ਵੀ ਸਵਾਲ ਤਾਂ ਹਵਾਲਿਆਂ ਦੀ ਚੋਣ ਹੀ ਰਹਿਣਾ ਹੈ? ਇਸ ਪਹੁੰਚ ਨਾਲ ਗੱਲ, ਗ਼ਦਰੀਆਂ ਵਲੋਂ ਹੱਟਕੇ ਸਿੱਖਾਂ ਦੇ ਅੰਦਰੂਨੀ ਝਗੜਿਆਂ ਵਲ ਤੁਰ ਵੀ ਪੈਂਦੀ ਹੈ ਅਤੇ ਤੁਰ ਵੀ ਸਕਦੀ ਹੈ। ਇਹ ਸਮਝਣਾ ਔਖਾ ਨਹੀਂ ਹੈ ਕਿ ਇਹੋ ਜਿਹੇ ਝਗੜੇ ਸਿੱਖ-ਭਾਈਚਾਰੇ ਵਿੱਚ ਅੱਜ ਤਾਂ ਹੋ ਸਕਦੇ ਹਨ, ਪਰ ਉਸ ਵੇਲੇ ਨਹੀਂ ਸਨ। ਇਸ ਨਾਲ ਇਹ ਤੱਥ ਸਾਹਮਣੇ ਆ ਜਾਂਦਾ ਹੈ ਕਿ ਗ਼ਦਰੀਆਂ ਬਾਰੇ ਡਾ. ਪੁਰੀ ਦੇ ਨਤੀਜਿਆਂ ਵਿੱਚ ਬਹੁਤ ਕੁਝ ਅਜਿਹਾ ਹੈ, ਜਿਸ ਉਤੇ ਡਾ. ਪੁਰੀ ਦੀ ਮਾਨਸਿਕਤਾ ਦਾ ਪ੍ਰਭਾਵ ਹਾਵੀ ਹੋ ਗਿਆ ਹੈ। ਇਸ ਦੇ ਬਾਵਜੂਦ ਡਾ. ਪੁਰੀ ਦੀ ਪੁਸਤਕ, ਗ਼ਦਰ-ਲਹਿਰ ਬਾਰੇ ਪਹਿਲਾ ਅਕਾਦਮਿਕ-ਯਤਨ ਹੈ, ਜਿਸ ਵਿੱਚ ਗ਼ਦਰ-ਸਾਹਿਤ ਦਾ ਵਿਧੀਵਤ ਮੁਲਾਂਕਣ ਕੀਤਾ ਗਿਆ ਹੈ। ਪਰ ਇਸ ਨਾਲ ਨਤੀਜੇ ਉਹੀ ਸਾਹਮਣੇ ਆਏ ਹਨ, ਜਿਨ੍ਹਾਂ ਨਾਲ ਗ਼ਦਰ-ਲਹਿਰ ਦੇ ਪ੍ਰਸੰਗ-ਵਿਗਾੜ ਦਾ ਰਾਹ ਪੱਧਰਾ ਹੋ ਜਾਂਦਾ/ਸਕਦਾ ਹੈ ।

੬.੧ ਗ਼ਦਰ-ਸਾਹਿਤ ਦਾ ਅਧਿਐਨ ਕਰਦਿਆਂ ਮੈਂ ਇਸ ਨਤੀਜੇ ਤੇ ਪਹੁੰਚਿਆਂ ਹਾਂ ਕਿ ਗ਼ਦਰ-ਸਾਹਿਤ ਵਿੱਚ ਤਾਂ ਗ਼ਦਰੀਆਂ ਦਾ ਸਿੱਖ-ਪ੍ਰਸੰਗ ਪ੍ਰਾਪਤ ਹੈ, ਪਰ ਉਹ ਬਹੁਤ ਸਾਰੇ ਕਾਰਣਾਂ ਕਰਕੇ ਸਾਹਮਣੇ ਨਹੀਂ ਆ ਸਕਿਆ। ਕਾਰਣਾਂ ਵਿੱਚੋਂ ਵਡਾ ਕਾਰਣ ਮੈਨੂੰ ਇਹ ਲੱਗਦਾ ਹੈ ਕਿ ਜਿਵੇਂ ਅੱਜ ਵੀ ਗ਼ਦਰੀਆਂ ਨੂੰ ਗ਼ਦਰੀਆਂ ਦੇ ਪ੍ਰਸੰਗ ਵਿੱਚ ਸਮਝਣ ਸਮਝਾਉਣ ਦੀ ਥਾਂ, ਸਮਕਾਲ ਦੇ ਸਿਆਸੀ-

ਪੈਂਤੜਿਆਂ ਮੁਤਾਬਿਕ ਵਰਤਣ ਦੀ ਦੌੜ ਲੱਗੀ ਹੋਈ ਹੈ, ਲਗਭਗ ਇਹੀ ਪਹਿਲਾਂ ਵੀ ਹੁੰਦਾ ਰਿਹਾ ਹੈ।ਇਹ ਸਥਾਪਤ ਹੋ ਚੁੱਕਾ ਹੈ ਕਿ ਗ਼ਦਰੀ, ਗੁਰਦੁਆਰਾ ਅਤੇ ਸਿੱਖੀ ਇੱਕ ਦੂਜੇ ਵਿੱਚ ਘੁਲੇ ਮਿਲੇ ਹੋਏ ਸਨ ਜਾਂ ਇਕ ਦੂਜੇ ਨਾਲ ਨੇੜਿਉਂ ਜੁੜੇ ਹੋਏ ਸਨ।ਇਸ ਦੇ ਬਾਵਜੂਦ ਉਨ੍ਹਾਂ ਵਾਸਤੇ ਹਿੰਦੂ ਅਤੇ ਮੁਸਲਮਾਨ ਬੇਗਾਨੇ ਨਹੀਂ ਸਨ ਕਿਉਂਕਿ "ਉਨ੍ਹਾਂ ਨੂੰ ਇਸ ਗੱਲ ਦਾ ਬਾਖੂਬੀ ਅਹਿਸਾਸ ਸੀ ਕਿ ਜੇਕਰ ਅੰਗ੍ਰੇਜ਼ਾਂ ਦੀ ਗੁਲਾਮੀ ਦਾ ਜੂਲਾ ਗਲੋਂ ਲਾਹੁਣਾ ਹੈ ਤਾਂ ਇਸ ਮਕਸਦ ਲਈ ਹਿੰਦੂਆਂ, ਮੁਸਲਮਾਨਾਂ ਅਤੇ ਸਿੱਖਾਂ ਦੀ ਏਕਤਾ ਬਹੁਤ ਜ਼ਰੂਰੀ ਹੈ"੨੭।

੬.੨ ਗ਼ਦਰੀ-ਪ੍ਰਸੰਗ ਲਚਕਦਾਰ (flexible) ਵੀ ਹੈ ਅਤੇ ਬਹੁਲਵਾਦੀ (plural) ਵੀ ਹੈ।ਇਸ ਤੋਂ ਇਹ ਸਿੱਖੇ ਜਾਣ ਦੀ ਲੋੜ ਹੈ ਕਿ ਜੇ "ਗ਼ਦਰੀ", ਅਜਿਹਾ ਸਿੱਖ ਰਹਿਕੇ ਕਰ ਸਕੇ ਸਨ ਤਾਂ ਅਸੀਂ ਕਿਉਂ ਨਹੀਂ ਕਰ ਸਕਦੇ? ਇਹ ਇਸ ਲਈ ਕਿਹਾ ਜਾ ਰਿਹਾ ਹੈ ਕਿ ਸਿਆਸੀ ਜੈ ਜੈ ਕਾਰ ਵਿੱਚ ਗ਼ਦਰੀਆਂ ਨੂੰ ਕੁਤਕੇ ਵਾਂਗ ਵਰਤਕੇ ਕਲਪਿਤ ਦੁਸ਼ਮਨਾਂ ਦੀ ਕੁਟਾਈ ਕਰਣਾ, ਗ਼ਦਰੀਆਂ ਦੇ ਪ੍ਰਸੰਗ-ਵਿਗਾੜ ਦਾ ਰਸਤਾ ਪੱਧਰਾ ਕਰਣਾ ਹੋਵੇਗਾ। ਅਗਿਆਨਤਾ ਵਿੱਚ ਅਜਿਹਾ ਬੇਸ਼ੱਕ ਹੁੰਦਾ ਰਿਹਾ ਹੋਵੇਗਾ,ਪਰ ਸੁਜੱਗਤਾ ਵਿੱਚ ਅਜਿਹਾ ਨ ਹੀ ਕਰਣਾ ਚਾਹੀਦਾ ਹੈ ਅਤੇ ਨ ਹੀ ਹੋਣ ਦੇਣਾ ਚਾਹੀਦਾ ਹੈ।ਮੈਂ ਤਾਂ ਇਹ ਵੀ ਕਹਾਂਗਾ ਕਿ ਵਾਰਸੀ-ਚੇਤਨਾ ਦੇ ਬਹਾਨੇ ਨਾਲ ਵੀ ਇਸ ਰਾਹੇ ਨਹੀਂ ਤੁਰਨਾ ਚਾਹੀਦਾ।ਇਹ ਇਸ ਲਈ ਵੀ ਕਿਹਾ ਜਾ ਰਿਹਾ ਹੈ, ਕਿਉਂਕਿ ਸਿੱਖ-ਧਰਮ ਵਿੱਚ ਦੂਜੇ ਦੇ ਦੂਜੇਪਨ ਨੂੰ ਨਾਲ ਲੈਕੇ ਤੁਰ ਸਕਣ ਦੀ ਸਮਰਥਾ ਦਾ ਬਾਣੀ-ਪ੍ਰਸੰਗ ਵੀ ਪ੍ਰਾਪਤ ਹੈ ਅਤੇ ਇਤਿਹਾਸ-ਪ੍ਰਸੰਗ ਵੀ ਪ੍ਰਾਪਤ ਹੈ।ਇਸ ਭਾਵਨਾ ਨੂੰ ਮਹਾਤਮਾ ਟੈਗੋਰ ਨੇ ਇਸ ਤਰ੍ਹਾਂ ਕਿਹਾ ਹੋਇਆ ਹੈ ਕਿ "ਦੂਜੇ ਦੇ ਦੂਜੇਪਨ" ਨੂੰ ਇਸ ਤਰ੍ਹਾਂ ਸਮਝਣਾ ਚਾਹੀਦਾ ਹੈ, ਜਿਵੇਂ ਰਾਮ ਮੋਹਨ ਰਾਏ ਨੇ ਇਸਲਾਮ ਨੂੰ ਸਮਝਿਆ ਸੀ ਅਤੇ ਦਾਰਾ ਸ਼ਿਕੋਹ ਨੇ ਹਿੰਦੂਆਂ ਨੂੰ ਸਮਝਿਆ ਸੀ੨੯।ਜੇ ਮਹਾਤਮਾ ਟੈਗੋਰ ਨੇ ਇਥੇ ਗੁਰੂ ਤੇਗ਼ ਬਹਾਦਰ ਸਾਹਿਬ ਦੀ ਮਿਸਾਲ ਨਹੀਂ ਲਈ ਤਾਂ ਇਸ ਵਾਸਤੇ ਉਹ ਨਿੰਦੇ ਜਾਣ ਦਾ ਇਸ ਕਰਕੇ ਪਾਤਰ ਨਹੀਂ ਹੈ ਕਿਉਂਕਿ ਪਤਾ ਲਗਣ ਤੇ ਜੋ ਕੁਝ ਉਸ ਨੇ ਬੰਦਾ ਬਹਾਦਰ ਬਾਰੇ ਲਿਖਿਆ ਹੋਇਆ ਹੈ, ਉਹ ਉਸੇ ਦਿਆਨਤਦਾਰੀ ਨਾਲ ਲਿਖਿਆ ਸੀ,ਜਿਸ ਈਮਾਨਦਾਰੀ ਨਾਲ ਉਸ ਨੇ ਉਪਰੋਕਤ ਟਿਪਣੀ ਕੀਤੀ ਹੋਈ ਹੈ।

੬.੩ ਗ਼ਦਰੀਆਂ ਦੇ ਪ੍ਰਸੰਗ-ਸਥਾਪਨ ਵਾਸਤੇ ਗ਼ਦਰੀਆਂ ਦੀ ਮਾਨਸਿਕਤਾ ਨੂੰ ਸਮਝਣਾ ਵੀ ਗ਼ਰੂਰੀ ਹੈ।ਮਾਨਸਿਕਤਾ ਦਾ ਉਸ ਸਪੇਸ ਨਾਲ ਡੂੰਘਾ ਸਬੰਧ ਹੁੰਦਾ ਹੈ, ਜਿਸ ਨੂੰ ਪ੍ਰਭਾਵਿਤ ਕੀਤਾ ਵੀ ਜਾ ਰਿਹਾ ਹੁੰਦਾ ਹੈ ਅਤੇ ਜਿਸ ਤੋਂ ਪ੍ਰਭਾਵਿਤ ਹੋਇਆ ਵੀ ਜਾ ਰਿਹਾ ਹੁੰਦਾ ਹੈ।ਇਸ ਸਪੇਸ ਨਾਲ ਜੁੜੇ ਹੋਏ ਸਾਰੇ ਸਰੋਕਾਰਾਂ ਨਾਲ ਨਜਿੱਠਨ ਵਾਸਤੇ, ਗ਼ਦਰੀ-ਮਾਨਸਿਕਤਾ ਬਾਣੀ ਅਤੇ ਸਿੱਖ ਇਤਿਹਾਸ ਤੋਂ ਪ੍ਰੇਰਤ ਸੀ।ਇਸ ਪ੍ਰਸੰਗ ਵਿੱਚ ਗੁਰਦੁਆਰਾ-ਸੰਸਥਾ ਦੀ ਅਹਿਮ ਭੂਮਿਕਾ ਸੀ।ਜਿਹੋ ਜਿਹੀਆਂ ਸਥਿਤੀਆਂ ਨਾਲ ਜੂਝਦੇ ਗ਼ਦਰੀ, ਕਨੇਡਾ ਤੇ ਅਮਰੀਕਾ ਵਿੱਚ ਪਹੁੰਚੇ ਸਨ, ਉਨ੍ਹਾਂ (ਗ਼ਦਰੀਆਂ) ਨੂੰ ਆਰਥਿਕ-ਖੁਸ਼ਹਾਲੀ (economic progress) ਅਤੇ ਸਿਆਸੀ-ਚੇਤਨਾ (political awareness) ਵੱਲ ਵਧਣ ਤੋਂ ਰੋਕਣ ਲਈ ਕੂਟਨੀਤਕ ਜਾਲ, ਕਾਲੋਨੀਅਲ-ਤਾਕਤ ਨੇ ਵਿਛਾਇਆ ਹੋਇਆ ਸੀ। ਇਸ ਸਪੇਸ ਵਿੱਚ ਦੋ ਹੀ ਧਿਰਾਂ ਸਨ-ਹਾਕਮ (ਅੰਗ੍ਰੇਜ਼ ਅਤੇ ਉਨ੍ਹਾਂ ਦੇ ਪਿੱਠੂ) ਅਤੇ ਮਹਿਕੂਮ (ਗ਼ਦਰੀ ਅਤੇ ਗ਼ੁਲਾਮ ਭਾਰਤੀ)। ਇਹ ਨਹੀਂ ਭੁੱਲਣਾ ਚਾਹੀਦਾ ਕਿ ਦੋਹਾਂ ਧਿਰਾਂ ਨਾਲ ਸਿੱਖ ਵੀ ਸਨ ਅਤੇ ਹਿੰਦੂ ਵੀ ਸਨ। ਕੁਝ ਕਰ ਗੁਜ਼ਰਨ ਦੇ ਮਾਨਸਿਕ-ਪਰਿਵਰਤਣ ਵਾਲੇ ਗ਼ਦਰੀਆਂ ਵਿੱਚ ਅਜਿਹੇ ਹਿੰਦੂ ਵੀ ਸ਼ਾਮਲ ਸਨ, ਜਿਨ੍ਹਾਂ ਨੇ ਵਾਹਿਦਾ-ਮੁਆਫ ਗਵਾਹ ਬਣਨ ਨਾਲੋਂ ਫਾਂਸੀ ਚੜ੍ਹ ਜਾਣ ਨੂੰ ਪਹਿਲ ਦਿੱਤੀ ਸੀ ਅਤੇਂ ਮੌਤ ਨੂੰ ਚੁਣਿਆ ਸੀ।ਇਸੇ ਸਪੇਸ ਵਿੱਚ ਅਜਿਹੇ ਸਿੱਖ ਵੀ ਵਿਚਰ ਰਹੇ ਸਨ, ਜਿਨ੍ਹਾਂ ਨੇ ਉਹ ਕੀਤਾ, ਜਿਸ ਦਾ ਜ਼ਿਕਰ ਕਰਦਿਆਂ ਸਿਰ ਸ਼ਰਮ ਨਾਲ ਝੁਕ ਜਾਂਦਾ ਹੈ।ਇਸੇ ਪ੍ਰਸੰਗ ਦੀਆਂ ਜਿੱਤਾਂ-ਹਾਰਾਂ ਨੂੰ ਬਿਪਨ ਚੰਦਰ ਨੇ ਕੌਮੀ-ਜਾਗ੍ਰਿਤੀ ਨਾਲ ਜੋੜਕੇ ਵੇਖਦਿਆਂ, ਗ਼ਦਰੀਆਂ ਦੇ ਯੋਗਦਾਨ ਦੇ ਹਰ ਰੰਗ ਨੂੰ, ਭਾਰਤ ਦੀ ਆਜ਼ਾਦੀ ਵਾਸਤੇ ਨਿਭਾਈ ਗਈ ਅਹਿਮ ਭੂਮਿਕਾ ਮੰਨਿਆ ਹੋਇਆ ਹੈ੩੦।

ਬਲਕਾਰ ਸਿੰਘ ਪਰੋਫੈਸਰ

Balkarsingh@mail.com

ਹਵਾਲੇ

੧. ਜਗਜੀਤ ਸਿੰਘ, ਗ਼ਦਰ ਪਾਰਟੀ ਲਹਿਰ, ਨਵਯੁਗ ਪਬਲਿਸ਼ਰਜ਼ ਦਿੱਲੀ, ਤੀਜੀ ਐਡੀਸ਼ਨ, ਸਤੰਬਰ ੨੦੦੦, ਪੰਨਾ ੧੫

੨. Harold A Gould, Sikhs, Swamis, Students, and Spies: The India Lobby in United States, 1900-1946, Sage Publications New Delhi, 2006

੩. ਗਿਆਨੀ ਕੇਸਰ ਸਿੰਘ (ਸੰਕਲਨ ਕਰਤਾ) ਅਤੇ ਕਿਰਪਾਲ ਸਿੰਘ ਕਸੇਲ (ਸੰਪਾਦਕ), ਗ਼ਦਰ ਲਹਿਰ ਦੀ ਵਾਰਤਕ, ਪੰਜਾਬੀ ਯੂਨੀਵਰਸਿਟੀ ਪਟਿਆਲਾ,੨੦੦੮, ਪੰਨਾ ੧੨

੪. ਰਣਧੀਰ ਸਿੰਘ, ਗ਼ਦਰੀ ਸੂਰਬੀਰ-੧੯੧੪-੧੫ ਦੇ ਇਨਕਲਾਬੀਆਂ ਦੀ ਭੁੱਲੀ ਹੋਈ ਕਹਾਣੀ, ਸ਼ਹੀਦ ਭਗਤ ਸਿੰਘ ਯਾਦਗਾਰੀ ਪ੍ਰਕਾਸ਼ਨ, ਲੁਧਿਆਣਾ, ਤੀਜਾ ਐਡੀਸ਼ਨ ੨੦੧੦, ਪੰਨਾ ੭

੫. ਪਹਿਲਾਂ ਹਵਾਲੇ ਵਿੱਚ, ਗਿਆਨੀ ਤੇ ਕਸੇਲ, ਪੰਨਾ ੧੮

੬. Prof. Randhir Singh, Five Lectures In Marxist Mode, p.99- "Today, one is compelled to note, the mainstream communist movement, within which the survivers of the Ghadrite uprising and their successors worked for long years and which claims or is supposed to be heir to the Ghadrite tradition, is rather poor in all these three aspects. A clear strategic aim, an independent, alternative politics, and the moral clan of a revolutionary movement, all seem got lost somewhere along the way."

੭. Satya M. Rai, Punjabi Heroic Tradition 1900-47, Punjabi University Patiala, Second Edition 1995, p. 1 & 27-f.n.1-"The word revolutionary has been used for want of any other satisfactory substitute. It does not denote 'revolution' in the classical Marxist terminology. The revolutionary activities of this period aimed at over throw of the British rule through organised armed insurrection and individual terrorism".

੮. ਉਕਤ ਹਵਾਲੇ ਵਿੱਚ, ਗ਼ਦਰੀ ਸੂਰਬੀਰ (ਪ੍ਰੋ. ਰਣਧੀਰ ਸਿੰਘ), ਪੰਨਾ ੧੮

੯. ਉਹੀ ਪੰਨਾਂ ੧੯

੧੦. ਉਹੀ ਪੰਨਾਂ ੨੨

੧੧. ਗ਼ਦਰ ਲਹਿਰ ਦੀ ਕਵਿਤਾ, ਸੰਗ੍ਰਹਿਕਾਰ ਕੇਸਰ ਸਿੰਘ ਨਾਵਲਕਾਰ, ਪੰਜਾਬੀ ਯੂਨੀਵਰਸਿਟੀ ਪਟਿਆਲਾ, ੧੯੯੫

੧੨. Gen. Sir Charles Gough, V.C, G.C.B And Arthur D. Innes, M.S, The Sikhs And Sikh Wars, Language Department Punjab, 1970

੧੩. ਗ਼ਦਰ ਲਹਿਰ ਦੀ ਕਵਿਤਾ, ਪੰਨਾ ੨੯

੧੪. ਇਹ ਸਾਰੇ ਹਵਾਲੇ ਉਪਰੋਕਤ ਪੁਸਤਕ ਵਿਚੋਂ ਹਨ।

੧੫. ਗ਼ਦਰ ਲਹਿਰ ਦੀ ਵਾਰਤਕ, ਪੰਜਾਬੀ ਯੂਨੀਵਰਸਿਟੀ ਪਟਿਆਲਾ, ੨੦੦੮, ਪੰਨਾ ੫੯

੧੬. ਉਹੀ, ਪੰਨਾ ੬੫-੬੬

੧੭. ਹਰਭਜਨ ਸਿੰਘ ਹੁੰਦਲ, ਰੂਸ ਦੇ ਗ਼ਦਰੀ ਦਸੰਬਰੀਏ, ਕੁਕਨੂਸ ਪ੍ਰਕਾਸ਼ਨ ਜਲੰਧਰ, ੨੦੦੭, ਪੰਨਾ ੧-੨

੧੮. ਜਗਜੀਤ ਸਿੰਘ, ਗ਼ਦਰ ਪਾਰਟੀ ਲਹਿਰ, ਨਵਯੁਗ ਪਬਲਿਸ਼ਰਜ਼ ਦਿੱਲੀ, ਤੀਜੀ ਐਡੀਸ਼ਨ ਸਤੰਬਰ ੨੦੦੦, ਪੰਨਾ ੨੬੭

੧੯. ਉਹੀ, ਪੰਨਾ ੧੪੫

੨੦. ਉਹੀ, ਪੰਨਾ ੨੧੫-੧੬

੨੧. ਗੁਰਚਰਨ ਸਿੰਘ ਸਹਿੰਸਰਾ, ਗ਼ਦਰ ਪਾਰਟੀ ਦਾ ਇਤਿਹਾਸ (ਪਹਿਲਾ ਹਿੱਸਾ ੧੯੧੨-੧੭), ਦੇਸ਼ ਭਗਤ ਯਾਦਗਾਰ ਹਾਲ ਕਮੇਟੀ ਜਲੰਧਰ,੧੯੬੧

੨੨. Harish. K. Puri, Gadar Movement-Ideology, Organisation and Strategy, Guru Nanak Dev University Amritsar, Second Edition, 1993

੨੩. ibid, p.21- "The rural Jat Sikhs were, however, largely uneffected by the Singh Sabhas and that militant orthodoxy. A powerful influence in their lives was that of army.

੨੪. ibid, p.5

੨੫. ਪਹਿਲਾਂ ਹਵਾਲੇ ਵਿੱਚ, ਗ਼ਦਰ ਲਹਿਰ ਦੀ ਕਵਿਤਾ, ਪੰਨਾ ੪੧

੨੬. Harish, op. cit, p. 57- "one distinct effect of the political propaganda and the agitation on the issues that effected the whole community of immigrants was a gradual isolation of such leaders as had tended to stress on sectional matters like the purity of Sikhism.....there was in Canada, a section of "clanish Sikhs", whose 'jealousy and bigotary...keep alive the ill-feeling between mownas and Sikhs'."

੨੭. ਰਾਜਿੰਦਰ ਸਿੰਘ ਰਾਹੀ, ਲੇਖ-ਲੜੀ, ਲਾਲਾ ਹਰਦਿਆਲ: ਗ਼ਦਰ ਤੋਂ ਗ਼ਦਾਰੀ ਤੱਕ ੩, ਅੰਮ੍ਰਿਤਸਰ ਟਾਈਮਜ਼, ਸੈਨਹੋਜ਼ੇ, ੨੫/੮/੨੦੧੧, ਪੰਨਾ ੨

Editors Note: Gadar Lehr Vartik edited by Kirpal Singh Kasel 2008, Panjabi University reads Gadar Party was reorganized again and in 1927 Hindustan Ghadr paper monthly was started again in USA by Rattan Singh, Gurumukh Singh Lalton, Teja Singh Sutantar and Achhar Singh Chhina.
Bhai Santokh Singh former secretary of Gadar Party USA, who was charged of conspiracy in 1918 and goes to jail after Sanfrancisco conspiracy trial was given a room in Sikh missionary college Amritsar by SGPC to start his paper Kirt in 1926. He starts his paper with religious banner line on the top.
Sohan Singh Josh when he takes charge of 'KIRTI newspaper after death of Santokh Singh on may 19th 1927. Removes the religious banner from the top ' APNE HATHIN APNA AAPEY HI KARAJ SWARIEY( We shall fulfill our task with our own hand) after one week of his death and replaces it in May 1927 issue By words ' Arise, Awake, ye works of the world, and unite' . The above evidence by Rattan Singh and Sohan Singh Josh confirms communist influence on Gadar Lehar starts from 1927 onwards only".The above substantial evidence shows that prior to 1927 Gadarites' source of inspiration was predominantly religious .Certainly there was existence of written evidence of teachings enshrined in Guru Granth Sahib since 1604AD, promoting value of Human freedom and equality which were already ingrained in the minds of the Gadari Sikhs. Their faith was founded in the teachings of Guru Nanak as enshrined in Sri Guru Granth Sahib and Khalsa principles as laid down By Guru Gobind Singh in 1699 AD when he created the Khalsa, the community of Sikhs who took the name Singh, kept unshorn hair, wore turbans and carried kirpans along with other articles of faith. In North America the embracing of socialistic ideology of Equality and Liberty by Sikh revolutionaries already firmly grounded in the institution of the Khalsa Sikhs. Their religious consciousness was their guiding force and that's why the movement was non-racial and non-sectarian.After the establishment of Sikh Gurdwaras, teachings and sacrifices of Sikh Gurus and their followers were reminisced and relived in their consciousness. Records maintained at Pacific Coast Khalsa Diwan Society are a huge evidence of these factors. For details of evidence read Jasbir Singh Mann "Reevaluationg origin & inspiration of Sikh Gadar 1907 to 1918".